KHETI DUNIYAN, PATIALA
Excellence in Agri Info

# ਖੇਤੀ ਦੁਨੀਆਂ

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-
www.khetiduniyan.in
Postage Regd. No. PB/PTA/0338/2025-2027


ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 300/- ਰੁਪਏ
ਦੋ ਸਾਲ ਲਈ 500/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।


Editor : Jagpreet Singh • RNI/PUNPUN00806 • Issue Dated 18-10-2025 • Vol.43 No.42 • M. 90410-14575 • Page 16 E-mail : khetiduniyan1983@gmail.com




## ਬੀਜ ਉਪਚਾਰ

# ਕਣਕ ਦੇ ਗੁਣਵੱਤਾ ਵਾਲੇ ਬੀਜ ਪੈਦਾ ਕਰਨ ਲਈ ਜ਼ਰੂਰੀ ਕਦਮ

ਕਣਕ ਦੇ ਬੀਜ ਦੀ ਉੱਲੀਨਾਸ਼ਕਾਂ ਨਾਲ ਕੀਤੀ ਗਈ ਸੋਧ ਬੀਜਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਪੌਦਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰਦੇ ਹਨ। ਕਰਨਾਲ ਬੰਟ, ਸਿੱਟੇ ਦੀ ਕਾਂਗਿਆਰੀ ਅਤੇ ਪੱਤੇ ਦੀ ਕਾਂਗਿਆਰੀ ਕਣਕ ਦੀਆਂ ਬੀਜ ਤੋਂ ਹੋਣ ਵਾਲੀਆਂ ਮੁੱਖ ਬਿਮਾਰੀਆਂ ਹਨ। ਕਰਨਾਲ ਬੰਟ ਨਾਲ ਸੰਕਰਮਿਤ ਦਾਣਿਆਂ ਨੂੰ ਦਬਾਉਣ ਤੇ ਰੋਗਜਨਕ, ਬੀਜਾਣੂਆਂ ਦਾ ਕਾਲਾ ਧੂੜਾ ਨਿਕਲਦਾ ਹੈ। ਇਹ ਧੂੜਾ ਇੱਕ ਅਜੀਬ ਬਦਬੂਦਾਰ ਗੰਧ ਦਿੰਦਾ ਹੈ। ਸਿੱਟੇ ਦੀ ਕਾਂਗਿਆਰੀ ਇੱਕ ਭਿਆਨਕ ਬਿਮਾਰੀ ਹੈ, ਜਿਸ ਨਾਲ ਸਿੱਟੇ ਪੂਰੀ ਤਰ੍ਹਾਂ ਨਸ਼ਟ ਹੋ ਜਾਂਦੇ ਹਨ ਅਤੇ ਦਾਣਿਆਂ ਦੀ ਥਾਂ ਤੇ ਕਾਲਾ ਧੂੜਾ ਬਣ ਜਾਂਦਾ ਹੈ। ਪੱਤਿਆਂ ਦੀ ਕਾਂਗਿਆਰੀ ਦੀ ਬਿਮਾਰੀ ਨਾਲ ਪੱਤਿਆਂ



ਦਾ ਆਕਾਰ ਘੱਟ ਜਾਂਦਾ ਹੈ ਤੇ ਪੱਤਿਆਂ ਤੇ ਸਮਾਨੰਤਰ ਚੱਲਣ ਵਾਲੀਆਂ ਲੰਬੀਆਂ ਤੰਗ ਸਲੇਟੀ ਜਾਂ ਕਾਲੀਆਂ ਧਾਰੀਆਂ ਪੈ ਜਾਂਦੀਆਂ ਹਨ। ਧਾਰੀਆਂ ਅੰਤ ਵਿੱਚ ਫਟ ਜਾਂਦੀਆਂ ਹਨ ਅਤੇ ਕਾਲੇ ਉੱਲੀ ਦੇ ਕਣ ਬਾਹਰ ਨਿਕਲ ਆਉਂਦੇ ਹਨ। ਇਹਨਾਂ ਬਿਮਾਰੀਆਂ ਦਾ ਕਾਰਨ ਬਣਨ ਵਾਲੇ ਰੋਗਾਣੂੰ, ਬੀਜਾਂ ਵਿੱਚ ਲੰਬੇ ਸਮੇਂ ਤੱਕ ਜੀਵਨ ਰਹਿੰਦੇ ਹਨ। ਬਿਜਾਈ ਤੋਂ ਪਹਿਲਾਂ ਕਣਕ ਦੇ ਬੀਜਾਂ ਦੀ ਸੋਧ ਦੁਆਰਾ ਇਹਨਾਂ ਬਿਮਾਰੀਆਂ ਨੂੰ ਘਟਾਇਆ ਜਾ ਸਕਦਾ ਹੈ। ਰੋਗਾਣੂਆਂ ਨੂੰ ਕੰਟਰੋਲ ਕਰਨ ਤੋਂ ਇਲਾਵਾ, ਬੀਜ ਸੋਧ ਕਰਨ ਵਾਲੇ ਬੂਟੇ ਸਿਹਤਮੰਦ ਅਤੇ ਇਕਸਾਰ ਰਹਿੰਦੇ ਹਨ ਜੋ ਤੇਜ਼ੀ ਨਾਲ ਉੱਭਰਦੇ ਹਨ ਅਤੇ ਬਿਹਤਰ ਜੜ੍ਹ ਪ੍ਰਣਾਲੀਆਂ ਸਥਾਪਿਤ ਕਰਦੇ ਹਨ, ਇਸ ਤਰ੍ਹਾਂ ਸਮੁੱਚੀ ਫ਼ਸਲ ਦੀ ਸਥਿਤੀ ਵਿੱਚ ਸੁਧਾਰ ਹੁੰਦਾ ਹੈ। ਬੀਜਾਂ ਦੀ ਸੁਚੱਜੀ ਸੋਧ ਕਰਨ ਲਈ ਉੱਲੀਨਾਸ਼ਕਾਂ ਦੀ ਸਿਫ਼ਾਰਸ਼ ਕੀਤੀ ਦਵਾਈ ਨੂੰ ਵਰਤਣਾ ਅਤੇ ਮਿਸ਼ਰਣ ਨਿਰਦੇਸ਼ਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ। ਸਾਲ 2024-25 ਦੌਰਾਨ ਕਿਸਾਨਾਂ ਦੁਆਰਾ ਰੱਖੇ ਗਏ ਬੀਜਾਂ ਦੇ ਨਮੂਨਿਆਂ ਵਿੱਚ ਕਰਨਾਲ ਬੰਟ ਦੀ ਮਾਤਰਾ ਅੰਮ੍ਰਿਤਸਰ ਤੋਂ 0.28%, ਸੰਗਰੂਰ ਅਤੇ ਮਲੇਰਕੋਟਲਾ ਤੋਂ 0.25% ਅਤੇ ਬਰਨਾਲਾ ਜ਼ਿਲ੍ਹੇ ਤੋਂ 0.23% ਦਰਜ ਕੀਤੀ ਗਈ। ਇਸ ਲਈ ਬਿਜਾਈ ਤੋਂ ਪਹਿਲਾਂ ਹੇਠ ਲਿਖੇ ਤਰੀਕੇ ਨਾਲ ਬੀਜ ਸੋਧ ਅਤੇ ਬੀਜ ਨਿਰੀਖਣ ਦੀ ਵਿਧੀ ਅਪਣਾ ਕੇ ਕਣਕ ਦਾ ਰੋਗ ਰਹਿਤ ਅਤੇ ਚੰਗੀ ਗੁਣਵੱਤਾ ਵਾਲਾ ਬੀਜ ਤਿਆਰ ਕੀਤਾ ਜਾ ਸਕਦਾ ਹੈ।

### ਸਿੱਟੇ ਦੀ ਕਾਂਗਿਆਰੀ

40 ਕਿਲੋ ਬੀਜ ਨੂੰ 13 ਮਿਲੀਲੀਟਰ ਰੈਕਸਿਲ ਈਜੀ/ਓਰੀਅਸ 6 ਐਫਐਸ (ਟੇਬੂਕੋਨਾਜ਼ੋਲ) ਨਾਲ 400 ਮਿਲੀਲੀਟਰ ਪਾਣੀ ਜਾਂ 120 ਗ੍ਰਾਮ ਵੀਟਾਵੈਕਸ ਪਾਵਰ 75 ਡਬਲਯੂਐਸ (ਕਾਰਬੋਕਸਿਨ+ ਟੈਟਰਾਮਿਥਾਈਲ ਥਾਈਯੂਰਮ ਡਾਈਸਲਫਾਈਡ) ਵਿੱਚ ਘੋਲ ਕੇ ਸੋਧੋ ਜਾਂ 80 ਗ੍ਰਾਮ ਵੀਟਾਵੈਕਸ 75 ਡਬਲਯੂਪੀ (ਕਾਰਬੈਕਸਿਨ) ਜਾਂ 40 ਗ੍ਰਾਮ ਟੈਬੂਸੀਡ/ਸੀਡੇਕਸ/ਐਕਸਜ਼ੋਲ 2 ਡੀਐਸ (ਟੇਬੂਕੋਨਾਜ਼ੋਲ) ਨਾਲ ਸੋਧ ਲਉ।

### ਪੱਤਿਆਂ ਦੀ ਕਾਂਗਿਆਰੀ

40 ਕਿਲੋ ਬੀਜ ਨੂੰ 13 ਮਿਲੀਲੀਟਰ ਓਰੀਅਸ 6 ਐਫਐਸ (ਟੇਬੂਕੋਨਾਜ਼ੋਲ) ਨਾਲ 400 ਮਿਲੀਲੀਟਰ ਪਾਣੀ ਵਿੱਚ ਘੋਲ ਕੇ ਜਾਂ 120 ਗ੍ਰਾਮ ਵੀਟਾਟੈਕਸ ਪਾਵਰ 75 ਡਬਲਯੂਐਸ (ਕਾਰਬੋਕਸਿਨ + ਟੈਟਰਾਮਿਥਾਈਲ ਥਾਈਯੂਰਮ ਡਾਈਸਲਫਾਈਡ) ਨਾਲ ਸੋਧੋ ਜਾਂ 80 ਗ੍ਰਾਮ ਵੀਟਾਵੈਕਸ 75 ਡਬਲਯੂਪੀ (ਕਾਰਬੋਕਸਿਨ) ਜਾਂ 40 ਗ੍ਰਾਮ ਟੈਬੂਸੀਡ/ਸੀਡੋਕਸ/ ਐਕਸਜ਼ੋਲ) ਨਾਲ ਸੋਧ ਲਉ।

ਬੀਜ ਦੀ ਸੋਧ ਬਿਜਾਈ ਤੋਂ ਇੱਕ ਮਹੀਨੇ ਤੋਂ ਪਹਿਲਾਂ ਨਹੀਂ ਕਰਨੀ ਚਾਹੀਦੀ। ਉਪਰੋਕਤ ਦੱਸੇ ਗਏ ਉੱਲੀਨਾਸ਼ਕਾਂ ਦੀ ਇੱਕਸਾਰ ਵਰਤੋਂ ਲਈ ਬੀਜ ਦੀ ਸੋਧ, ਬੀਜ ਸੋਧਕ ਡਰੱਮ ਨਾਲ ਕੀਤੀ ਜਾ ਸਕਦੀ ਹੈ। ਇਹ ਯਕੀਨੀ ਬਣਾਇਆ ਜਾ ਸਕੇ ਕਿ ਹਰੇਕ ਦਾਣੇ ਨੂੰ ਇੱਕੋ ਜਿਹੀ ਦਵਾਈ ਲੱਗੀ ਹੋਵੇ।

### ਕਰਨਾਲ ਬੰਟ

ਕਰਨਾਲ ਬੰਟ ਤੋਂ ਬਚਾਅ ਲਈ ਬਿਜਾਈ ਤੋਂ ਪਹਿਲਾਂ ਬੀਜਾਂ ਦੀ ਸਿਹਤ ਜਾਂਚ ਬਹੁਤ ਜ਼ਰੂਰੀ ਹੈ। ਇਹ ਜਾਂਚ ਕਰਨ ਲਈ ਕੁੱਝ ਮਿੰਟਾਂ ਲਈ ਮੁੱਠੀ ਭਰ ਬੀਜਾਂ ਭਰ ਬੀਜਾਂ ਨੂੰ ਸਾਦੇ ਪਾਣੀ ਵਿੱਚ ਭਿਓ ਦਿਉ। ਫਿਰ ਬੀਜਾਂ ਨੂੰ ਕੱਢ ਕੇ ਚਿੱਟੇ ਕਾਗਜ਼ 'ਤੇ ਫੈਲਾਓ। ਬੀਜਾਂ ਵਿੱਚ ਕਾਲੇ ਰੰਗ ਦੇ ਧੂੜੇ ਦੀ ਮੌਜੂਦਗੀ ਲਈ ਬੀਜ ਦੇ ਨਮੂਨੇ ਦਾ ਨਿਰੀਖਣ ਕਰੋ। ਜੇਕਰ ਚਾਰ ਤੋਂ ਪੰਜ ਬੀਜ ਇਸ ਬਿਮਾਰੀ ਨਾਲ ਸੰਕਰਮਿਤ ਪਾਏ ਗਏ ਹਨ ਤਾਂ ਬਿਜਾਈ ਲਈ ਟੈਸਟ ਕੀਤੇ ਬੀਜ ਲਾਟ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਬਿਜਾਈ ਲਈ ਸਿਰਫ਼ ਕਰਨਾਲ ਬੰਟ ਤੋਂ ਮੁਕਤ ਬੀਜ ਦੀ ਚੋਣ ਕਰਨੀ ਚਾਹੀਦੀ ਹੈ। ਕਰਨਾਲ ਬੰਟ ਤੋਂ ਮੁਕਤ ਬੀਜ ਪ੍ਰਾਪਤ ਕਰਨ ਲਈ ਸਿੱਟੇ ਨਿਕਲਣ ਸਮੇਂ 200 ਮਿਲੀਲੀਟਰ ਟਿਲਟ 25 ਈ.ਸੀ., 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਇੱਕ ਵਾਰ ਛਿੜਕਾਅ ਕਰਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।


**ਅੰਜੂ ਬਾਲਾ ਅਤੇ ਅਮਨਦੀਪ ਸਿੰਘ ਬਰਾੜ, ਪੌਦਾ ਰੋਗ ਵਿਗਿਆਨੀ**
**ਮੋਬਾਇਲ : 81465-57690**





# ਕਿਸਾਨਾਂ ਵੱਲੋਂ ਕਣਕ ਦੀ ਅਗੇਤੀ ਬਿਜਾਈ ਸ਼ੁਰੂ

## ਅਗੇਤੀ ਬਿਜਾਈ ਕਾਰਨ ਘਟੇਗਾ ਝਾੜ : ਡਾ. ਅਮਰੀਕ ਸਿੰਘ

## ਕਿਹਾ, ਇੱਕ ਨਵੰਬਰ ਤੋਂ ਕਣਕ ਦੀ ਬਿਜਾਈ ਦਾ ਹੈ ਢੁੱਕਵਾਂ ਸਮਾਂ



ਕਣਕ ਦੀ ਅਗੇਤੀ ਬਿਜਾਈ ਲਈ ਖੇਤੀ ਤਿਆਰ ਕਰਦਾ ਹੋਇਆ ਕਿਸਾਨ।

ਖੇਤੀਬਾੜੀ ਵਿਭਾਗ ਵੱਲੋਂ ਜਿੱਥੇ ਕਣਕ ਦੀ ਬਿਜਾਈ 25 ਅਕਤੂਬਰ ਤੋਂ ਸ਼ੁਰੂ ਕਰਨ ਸੰਬੰਧੀ ਕਿਸਾਨਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਉੱਥੇ ਬਾਸਮਤੀ ਅਤੇ ਝੋਨੇ ਦੀਆਂ ਹੋਰ ਅਗੇਤੀਆਂ ਕਿਸਮਾਂ ਦੀ ਕਟਾਈ ਕਰਨ ਤੋਂ ਬਾਅਦ ਕਿਸਾਨਾਂ ਵੱਲੋਂ ਆਪਣੇ ਖੇਤਾਂ ਵਿੱਚ ਕਣਕ ਦੀ ਬਿਜਾਈ ਸ਼ੁਰੂ ਕਰ ਦਿੱਤੀ ਗਈ ਹੈ।

ਇਸ ਮੌਕੇ ਕਿਸਾਨਾਂ ਨੇ ਦੱਸਿਆ ਕਿ ਝੋਨੇ ਦੀਆਂ ਅਗੇਤੀਆਂ ਫ਼ਸਲਾਂ ਦੀ ਕਟਾਈ ਕਰਨ ਤੋਂ ਬਾਅਦ ਮੌਸਮ ਵਿੱਚ ਠੰਢਕ ਆਉਣ ਕਾਰਨ ਉਨ੍ਹਾਂ ਵੱਲੋਂ ਖੇਤਾਂ ਵਿੱਚ ਪਰਾਲੀ ਨੂੰ ਰੋਟਾਵੇਟਰ ਨਾਲ ਵਾਹ ਕੇ ਕਣਕ ਦੀ ਬਿਜਾਈ ਕਰ ਦਿੱਤੀ ਹੈ ਜਦਕਿ ਬਾਕੀ ਖੇਤਾਂ ਵਿੱਚ ਕਣਕ ਦੀ ਬਿਜਾਈ ਝੋਨੇ ਦੀ ਕਟਾਈ ਤੋਂ ਬਾਅਦ ਕੀਤੀ ਜਾਵੇਗੀ।

### ਕਿਸਾਨ ਕਣਕ ਦੀ ਬਿਜਾਈ ਵਿੱਚ ਜਲਦਬਾਜ਼ੀ ਨਾ ਕਰਨ : ਡਾਇਰੈਕਟਰ ਡਾ. ਅਮਰੀਕ ਸਿੰਘ

ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਅਤੇ ਖੇਤੀਬਾੜੀ ਮਾਹਰ ਡਾਕਟਰ ਅਮਰੀਕ ਸਿੰਘ ਨੇ ਕਿਹਾ ਕਿ ਕਣਕ ਦੀ ਬਿਜਾਈ ਦਾ ਢੁੱਕਵਾਂ ਸਮਾਂ 25 ਅਕਤੂਬਰ ਤੋਂ ਇੱਕ ਨਵੰਬਰ ਤੋਂ ਬਾਅਦ ਹੈ। ਉਨ੍ਹਾਂ ਕਿਹਾ ਕਿ ਜੋ ਕਿਸਾਨ ਜਲਦਬਾਜ਼ੀ ਵਿੱਚ ਕਣਕ ਦੀ ਬਿਜਾਈ ਕਰਨਗੇ ਉਨ੍ਹਾਂ ਫ਼ਸਲਾਂ ਦਾ ਝਾੜ ਘੱਟ ਨਿਕਲੇਗਾ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਜਿਹੜੇ ਖੇਤਾਂ ਵਿੱਚੋਂ ਬਾਸਮਤੀ ਅਤੇ ਝੋਨੇ ਦੀਆਂ ਅਗੇਤੀਆਂ ਕਿਸਮਾਂ ਦੀ ਕਟਾਈ ਕੀਤੀ ਗਈ ਹੈ ਉਨ੍ਹਾਂ ਖੇਤਾਂ ਦੀ ਪਰਾਲੀ ਨੂੰ ਖੇਤਾਂ ਵਿੱਚ ਹੀ ਵਾਹ ਦਿੱਤਾ ਜਾਵੇ। ਅਜਿਹਾ ਕਰਨ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਹੋਵੇਗਾ।

ਉਨ੍ਹਾਂ ਕਿਹਾ ਕਿ ਇਸ ਵੇਲੇ ਮੌਸਮ ਵਿੱਚ ਗਰਮਾਹਟ ਹੈ ਅਤੇ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕਣਕ ਦੀ ਬਿਜਾਈ 25 ਅਕਤੂਬਰ ਤੋਂ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਜਦਕਿ ਖੇਤੀਬਾੜੀ ਮਾਹਰਾਂ ਅਨੁਸਾਰ ਇੱਕ ਨਵੰਬਰ ਤੋਂ ਕਣਕ ਦੀ ਬਿਜਾਈ ਦਾ ਢੁੱਕਵਾਂ ਸਮਾਂ ਹੈ ਤੇ ਇਸ ਮੌਸਮ ਵਿੱਚ ਬਿਜਾਈ ਕੀਤੀ ਕਣਕ ਦਾ ਝਾੜ ਵਧੇਰੇ ਨਿਕਲੇਗਾ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਉਣ ਵਾਲੇ ਦਿਨਾਂ ਵਿੱਚ ਪ੍ਰਤੀ ਏਕੜ ਖੇਤ ਦੇ ਵਿੱਚ 40 ਕਿਲੋ ਕਣਕ ਦਾ ਬੀਜ, 90 ਕਿਲੋ ਖਾਦ ਯੂਰੀਆ, ਇੱਕ ਬੋਰੀ ਡਾਇਆ ਅਤੇ 20 ਕਿਲੋ ਪੋਟਾਸ਼ ਖਾਦ ਪਾਉਣ।


ਖੇਤੀ ਦੁਨੀਆਂ

ਚੰਦਿਆਂ 'ਤੇ ਵਿਸ਼ੇਸ਼ ਛੂਟ

ਇੱਕ ਸਾਲ ਲਈ 300/- ਰੁਪਏ

ਦੋ ਸਾਲ ਲਈ 500/- ਰੁਪਏ

ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਇਹ ਸਕੀਮ 30 ਸਤੰਬਰ, 2025 ਤੱਕ ਹੈ।

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ

ਸਿਰਫ 100/-* ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਖੇਤੀ ਦੁਨੀਆਂ

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575

Website : www.khetiduniyan.in

E-mail : khetiduniyan1983@gmail.com


# ਰਾਈ ਘਾਹ ਹਾੜ੍ਹੀ ਰੁੱਤ ਦਾ ਗੁਣਵੱਤਾ ਭਰਪੂਰ ਚਾਰਾ

ਮਨਿੰਦਰ ਕੌਰ ਅਤੇ ਹਰਪ੍ਰੀਤ ਕੌਰ ਓਬਰਾਏ, ਪਲਾਂਟ ਬ੍ਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 86077-54264)

ਰਾਈ ਘਾਹ ਸਰਦੀਆਂ ਦੇ ਮੌਸਮ ਦਾ 5-6 ਕਟਾਈਆਂ ਦੇਣ ਵਾਲਾ ਗੈਰ ਫ਼ਲੀਦਾਰ ਚਾਰਾ ਹੈ। ਇਹ ਨਰਮ, ਸੁਆਦਲਾ ਅਤੇ ਪਚਣਸ਼ੀਲ ਹੈ। ਇਸ ਵਿੱਚ ਪ੍ਰੋਟੀਨ ਅਤੇ ਨਿਸ਼ਾਸਤੇ ਦੀ ਮਾਤਰਾ ਕਾਫ਼ੀ ਹੁੰਦੀ ਹੈ। ਇਸਦੀ ਕਾਸ਼ਤ 2024-25 ਵਿੱਚ 11 ਹਜ਼ਾਰ ਹੈਕਟੇਅਰ ਵਿੱਚ ਕੀਤੀ ਗਈ।

### ਰਾਈ ਘਾਹ ਚਾਰੇ ਦੀ ਖ਼ੁਰਾਕੀ ਗੁਣਵੱਤਾ

ਰਾਈ ਘਾਹ ਹਾੜ੍ਹੀ ਵਿੱਚ ਬੀਜਣ ਵਾਲਾ ਇੱਕ ਗੈਰ-ਫ਼ਲੀਦਾਰ ਚਾਰਾ ਹੈ ਪਰ ਇਹ ਬਰਸੀਮ ਦੇ ਨਾਲ ਪੂਰਾ ਮੁਕਾਬਲਾ ਕਰਦਾ ਹੈ। ਇਸ ਵਿੱਚ ਬਰਸੀਮ ਦੇ ਬਰਾਬਰ ਪ੍ਰੋਟੀਨ (16-20%) ਦੀ ਮਾਤਰਾ ਹੁੰਦੀ ਹੈ। ਸੁੱਕੇ ਮਾਦੇ ਦੇ ਆਧਾਰ ਤੇ ਰਾਈ ਘਾਹ ਵਿੱਚ ਕੁੱਲ ਪਚਣਸ਼ੀਲ ਤੱਤ ਦੀ ਮਾਤਰਾ 63.5% ਹੁੰਦੀ ਹੈ ਜਦਕਿ ਬਰਸੀਮ ਵਿੱਚ 60.5% ਹੈ। ਰਾਈ ਘਾਹ ਪਸ਼ੂਆਂ ਦੁਆਰਾ ਬਹੁਤ ਪਸੰਦ ਕੀਤਾ ਜਾਂਦਾ ਹੈ ਅਤੇ ਖ਼ੁਰਾਕੀ ਤੱਤਾਂ ਨਾਲ ਭਰਪੂਰ ਹੋਣ ਕਾਰਨ ਇਹ ਚਾਰਾ ਪਸ਼ੂਆਂ ਦੇ ਦੁੱਧ ਦੀ ਪੈਦਾਵਾਰ ਵਿੱਚ ਵਾਧਾ ਕਰਨ ਵਿੱਚ ਸਹਾਈ ਹੁੰਦਾ ਹੈ ਅਤੇ ਦੁੱਧ ਦੀ ਕੁਆਲਿਟੀ ਨੂੰ ਵੀ ਵਧਾਉਂਦਾ ਹੈ।

ਰਾਈ ਘਾਹ ਨੂੰ ਉੱਗਣ ਅਤੇ ਵੱਧਣ-ਫੁੱਲਣ ਲਈ ਦਰਮਿਆਨੇ ਤਾਪਮਾਨ ਦੀ ਲੋੜ ਹੁੰਦੀ ਹੈ। ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿੱਚ ਇਸ ਦੀ ਚੰਗੀ ਪੈਦਾਵਾਰ ਹੋ ਜਾਂਦੀ ਹੈ।

### ਉੱਨਤ ਕਿਸਮਾਂ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਪੰਜਾਬ ਵਿੱਚ ਬਿਜਾਈ ਲਈ ਰਾਈ ਘਾਹ ਦੀਆਂ ਦੋ ਕਿਸਮਾਂ ਦੀ ਸਿਫ਼ਾਰਸ਼ ਕੀਤੀ ਹੈ- ਪੰਜਾਬ ਰਾਈ ਘਾਹ 2 ਅਤੇ ਪੰਜਾਬ ਰਾਈ ਘਾਹ 1, ਜਿਹਨਾਂ ਦਾ ਪ੍ਰਤੀ ਏਕੜ ਹਰੇ ਚਾਰੇ ਦਾ ਝਾੜ ਕਰੀਬ 327 ਅਤੇ 325 ਕੁਇੰਟਲ ਹੈ।



ਰਾਈ ਘਾਹ ਦੀ ਬਿਜਾਈ ਲਈ ਖੇਤ ਨੂੰ ਪੱਧਰਾ ਅਤੇ ਚੰਗੀ ਤਰ੍ਹਾਂ ਤਿਆਰ ਕਰੋ। ਖੇਤ ਨੂੰ 3-4 ਵਾਰੀ ਵਾਹੋ ਅਤੇ ਹਰ ਵਾਹੀ ਮਗਰੋਂ ਸੁਹਾਗਾ ਫੇਰੋ। ਹਰੇ ਚਾਰੇ ਦਾ ਵੱਧ ਝਾੜ ਲੈਣ ਲਈ ਬਿਜਾਈ ਸਤੰਬਰ ਦੇ ਅਖ਼ੀਰਲੇ ਹਫ਼ਤੇ ਤੋਂ ਅਕਤੂਬਰ ਤੱਕ ਕਰੋ। ਬਿਜਾਈ ਲਈ 3 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਗਿੱਲੀ ਮਿੱਟੀ ਨਾਲ ਰਲਾ ਕੇ ਛੱਟਾ ਦਿਓ ਅਤੇ ਬਾਅਦ ਵਿੱਚ ਛਾਪਾ ਫੇਰ ਕੇ ਪਾਣੀ ਲਾ ਦਿਉ। ਖੇਤ ਤਿਆਰ ਕਰਨ ਸਮੇਂ 15-20 ਟਨ ਰੂੜੀ ਦੀ ਖਾਦ ਪ੍ਰਤੀ ਏਕੜ ਜ਼ਮੀਨ ਵਿੱਚ ਰਲਾਓ। ਬਿਜਾਈ ਸਮੇਂ 15 ਕਿਲੋ ਨਾਈਟ੍ਰੋਜਨ (33 ਕਿਲੋ ਯੂਰੀਆ) ਪ੍ਰਤੀ ਏਕੜ ਦੇ ਹਿਸਾਬ ਵਰਤੋਂ ਅਤੇ 15 ਕਿਲੋ ਨਾਈਟ੍ਰੋਜਨ (33 ਕਿਲੋ ਯੂਰੀਆ) ਬਿਜਾਈ ਤੋਂ 30 ਦਿਨਾਂ ਮਗਰੋਂ ਦੁਬਾਰਾ ਪਾਉ। ਹਰ ਕਟਾਈ ਬਾਅਦ ਪਹਿਲੇ ਪਾਣੀ ਨਾਲ 30 ਕਿਲੋ ਨਾਈਟ੍ਰੋਜਨ (66 ਕਿਲੋ ਯੂਰੀਆ) ਪ੍ਰਤੀ ਏਕੜ ਪਾਉਣੀ ਚਾਹੀਦੀ ਹੈ। ਪਹਿਲਾ ਪਾਣੀ ਬਿਜਾਈ ਤੋਂ ਤੁਰੰਤ ਬਾਅਦ ਲਾਉ। ਦੂਸਰਾ ਪਾਣੀ ਬਿਜਾਈ ਤੋਂ ਤਕਰੀਬਨ 4-5 ਦਿਨਾਂ ਬਾਅਦ ਅਤੇ ਇਸ ਤੋਂ ਮਗਰੋਂ 10 ਦਿਨਾਂ ਦੇ ਵਕਫ਼ੇ ਮਗਰੋਂ ਪਾਣੀ ਜ਼ਮੀਨ ਅਨੁਸਾਰ ਦਿੰਦੇ ਰਹਿਣਾ ਚਾਹੀਦਾ ਹੈ। ਪਹਿਲੀ ਕਟਾਈ ਬਿਜਾਈ ਤੋਂ 55 ਦਿਨਾਂ ਬਾਅਦ ਅਤੇ ਇਸ ਤੋਂ ਬਾਅਦ ਮਹੀਨੇ-ਮਹੀਨੇ ਦੇ ਵਕਫ਼ੇ ਤੇ ਕਰੋ।

### ਬੀਜ ਪੈਦਾ ਕਰਨਾ

ਚਾਰੇ ਵਾਲੀ ਫ਼ਸਲ ਨੂੰ ਅੱਧ ਮਾਰਚ ਤੋਂ ਬੀਜ ਲਈ ਛੱਡ ਦਿਉ। ਵਧੇਰਾ ਬੀਜ ਲੈਣ ਲਈ ਇਸ ਸਮੇਂ 15 ਕਿਲੋ ਨਾਈਟ੍ਰੋਜਨ (33 ਕਿਲੋ ਯੂਰੀਆ) ਪ੍ਰਤੀ ਏਕੜ ਪਾਉ। ਬੀਜ ਬੀਜਣ ਦੇ ਸ਼ੁਰੂ ਵਿੱਚ ਅਤੇ ਬੀਜ ਪੱਕਣ ਤੱਕ ਪਾਣੀ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ। ਬੀਜ ਵਾਲੀ ਫ਼ਸਲ ਨੂੰ ਡਿੱਗਣ ਤੋਂ ਬਚਾਉ। ਇਸ ਦਾ ਬੀਜ ਜੂਨ ਦੇ ਪਹਿਲੇ ਹਫ਼ਤੇ ਤੱਕ ਪੱਕ ਜਾਂਦਾ ਹੈ ਅਤੇ ਬੀਜ ਦੀ ਔਸਤ ਝਾੜ 2-3 ਕੁਇੰਟਲ ਪ੍ਰਤੀ ਏਕੜ ਨਿਕਲ ਆਉਂਦਾ ਹੈ। ਕਟਾਈ ਨੂੰ ਦੇਰੀ ਨਹੀਂ ਕਰਨੀ ਚਾਹੀਦੀ ਨਹੀਂ ਤਾਂ ਬੀਜ ਕਿਰ ਜਾਂਦਾ ਹੈ।

**ਆਲੂ ਦੀ ਫ਼ਸਲ ਉਗਾਉਣ ਲਈ ਰੇਤਲੀ, ਲੂਣੀ, ਦੋਮਟ ਤੇ ਚੀਕਣੀ ਮਿੱਟੀ ਹੋਣੀ ਚਾਹੀਦੀ ਹੈ। ਜੈਵਿਕ ਤੱਤ ਭਰਪੂਰ ਹੋਣ ਤਾਂ ਝਾੜ ਵੱਧ ਨਿਕਲਦਾ ਹੈ...**

## ਕਿਵੇਂ ਕਰੀਏ

# ਆਲੂਆਂ ਦੀ ਸਫ਼ਲ ਕਾਸ਼ਤ



**ਪੰਜਾਬ ਵਿੱਚ ਜਲੰਧਰ, ਹੁਸ਼ਿਆਰਪੁਰ, ਲੁਧਿਆਣਾ ਤੇ ਪਟਿਆਲਾ ਦੇ ਇਲਾਕੇ ਆਲੂ ਦੀ ਕਾਸ਼ਤ ਲਈ ਮਸ਼ਹੂਰ ਹਨ...**

ਆਲੂ ਦੀ ਖ਼ਾਸੀਅਤ ਹੈ ਕਿ ਇਹ ਸਾਰੀਆਂ ਸਬਜ਼ੀਆਂ ਵਿੱਚ ਵਰਤਿਆ ਜਾਂਦਾ ਹੈ। ਕਈ ਲੋਕ ਆਲੂ ਦੀ ਸਬਜ਼ੀ ਬਣਾ ਕੇ ਖਾਣ ਦੇ ਵੀ ਸ਼ੌਕੀਨ ਹਨ। ਇਹ ਇੱਕ ਸਸਤੀ ਫ਼ਸਲ ਹੈ, ਜਿਸ ਕਰਕੇ ਇਸ ਨੂੰ ਹਰੇਕ ਵਰਗ ਵਰਤਦਾ ਹੈ। ਇਹ ਫ਼ਸਲ ਦੱਖਣੀ ਅਮਰੀਕਾ ਦੀ ਹੈ ਤੇ ਇਸ ਵਿੱਚ ਕਾਰਬੋਹਾਈਡ੍ਰੇਟ ਤੇ ਵਿਟਾਮਿਨ ਪਾਏ ਜਾਂਦੇ ਹਨ। ਦੇਸ਼ ਦੇ ਸਾਰੇ ਸੂਬਿਆਂ ਵਿੱਚ ਆਲੂ ਦੀ ਫ਼ਸਲ ਉਗਾਈ ਜਾਂਦੀ ਹੈ। ਇਸ ਤੋਂ ਸਬਜ਼ੀ ਅਤੇ ਚਿਪਸ ਬਣਾਏ ਜਾਂਦੇ ਹਨ। ਆਲੂ ਦੀ ਫ਼ਸਲ ਸਟਾਰਚ ਬਣਾਉਣ ਲਈ ਵੀ ਕੀਤੀ ਜਾਂਦੀ ਹੈ। ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਪੰਜਾਬ, ਕਰਨਾਟਕਾ, ਆਸਾਮ ਤੇ ਮੱਧ ਪ੍ਰਦੇਸ਼ ਵਿੱਚ ਆਲੂ ਦੀ ਵੱਡੇ ਪੱਧਰ 'ਤੇ ਖੇਤੀ ਕੀਤੀ ਜਾਂਦੀ ਹੈ। ਖ਼ਾਸ ਕਰ ਪੰਜਾਬ ਵਿੱਚ ਜਲੰਧਰ, ਹੁਸ਼ਿਆਰਪੁਰ, ਲੁਧਿਆਣਾ ਤੇ ਪਟਿਆਲਾ ਦੇ ਇਲਾਕੇ ਆਲੂ ਦੀ ਕਾਸ਼ਤ ਲਈ ਮਸ਼ਹੂਰ ਇਲਾਕੇ ਹਨ। ਆਲੂ ਦੀ ਫ਼ਸਲ ਉਗਾਉਣ ਲਈ ਬਹੁਤ ਤਰ੍ਹਾਂ ਦੀਆਂ ਮਿੱਟੀਆਂ ਜਿਵੇਂ ਕਿ ਰੇਤਲੀ, ਲੂਣੀ, ਦੋਮਟ ਅਤੇ ਚੀਕਣੀ ਹੋਣੀ ਚਾਹੀਦੀ ਹੈ। ਵਧੀਆ ਜਲ ਨਿਕਾਸ ਵਾਲੀ, ਜੈਵਿਕ ਤੱਤ ਭਰਪੂਰ, ਰੇਤਲੀ ਤੋਂ ਦਰਮਿਆਨੀ ਜ਼ਮੀਨ ਵਿੱਚ ਫ਼ਸਲ ਦਾ ਝਾੜ ਵੱਧ ਨਿਕਲਦਾ ਹੈ। ਇਹ ਫ਼ਸਲ ਲੂਣ ਵਾਲੀਆਂ ਤੇਜ਼ਾਬੀ ਜ਼ਮੀਨਾਂ ਵਿੱਚ ਵੀ ਬੀਜੀ ਜਾ ਸਕਦੀ ਹੈ।

### ਵੱਧ ਝਾੜ ਲਈ ਬਿਜਾਈ ਦਾ ਸਹੀ ਸਮਾਂ

ਆਲੂ ਦੀ ਫ਼ਸਲ ਤੋਂ ਵੱਧ ਝਾੜ ਲੈਣ ਲਈ ਬਿਜਾਈ ਸਹੀ ਸਮੇਂ ਤੇ ਕਰਨੀ ਜ਼ਰੂਰੀ ਹੈ। ਬਿਜਾਈ ਲਈ ਸਹੀ ਤਾਪਮਾਨ ਵੱਧ ਤੋਂ ਵੱਧ 30-32 ਸੈਲਸੀਅਸ ਅਤੇ ਘੱਟ ਤੋਂ ਘੱਟ 18-20 ਸੈਲਸੀਅਸ ਹੁੰਦਾ ਹੈ। ਆਲੂ ਦੀ ਅਗੇਤੀ ਬਿਜਾਈ 25 ਸਤੰਬਰ ਤੋਂ 10 ਅਕਤੂਬਰ ਤੱਕ, ਦਰਮਿਆਨੇ ਸਮੇਂ ਵਾਲੀ ਬਿਜਾਈ ਅਕਤੂਬਰ ਦੇ ਪਹਿਲੇ ਤੋਂ ਤੀਜੇ ਹਫ਼ਤੇ ਤੇ ਪਿਛੇਤੀ ਬਿਜਾਈ ਅਕਤੂਬਰ ਦੇ ਤੀਜੇ ਹਫ਼ਤੇ ਤੋਂ ਨਵੰਬਰ ਦੇ ਪਹਿਲੇ ਹਫ਼ਤੇ ਤੱਕ ਕਰੋ। ਬਸੰਤ ਰੁੱਤ ਲਈ ਜਨਵਰੀ ਦੇ ਦੂਜੇ ਪੰਦਰਵਾੜੇ ਬਿਜਾਈ ਦਾ ਸਹੀ ਸਮਾਂ ਹੈ।

### ਆਲੂ ਦੀਆਂ ਕਿਸਮਾਂ

ਆਲੂ ਦੀ ਕੁਫ਼ਰੀ ਅਲੰਕਾਰ ਫ਼ਸਲ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿੱਚ ਉਗਾਉਣ ਲਈ ਸਿਫ਼ਾਰਸ਼ ਕੀਤੀ ਗਈ ਹੈ। ਇਹ ਲੰਬੇ ਕੱਦ ਦੀ ਤੇ ਮੋਟੇ ਤਣੇ ਵਾਲੀ ਕਿਸਮ ਹੈ। ਇਹ ਫ਼ਸਲ ਮੈਦਾਨੀ ਇਲਾਕਿਆਂ ਵਿੱਚ 75 ਦਿਨਾਂ ਵਿੱਚ ਤੇ ਪਹਾੜੀ ਇਲਾਕਿਆਂ ਵਿੱਚ 140 ਦਿਨਾਂ ਵਿੱਚ ਪੱਕ ਜਾਂਦੀ ਹੈ। ਇਸ ਦੇ ਆਲੂ ਗੋਲਾਕਾਰ ਹੁੰਦੇ ਹਨ ਤੇ ਔਸਤਨ ਝਾੜ 120 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ। ਇਸ ਤੋਂ ਇਲਾਵਾ ਕੁਫ਼ਰੀ ਅਸ਼ੋਕਾ ਲੰਬੇ ਕੱਟ ਦੀ ਅਤੇ ਮੋਟੇ ਤਣੇ ਵਾਲੀ ਸਬਜ਼ੀ ਹੈ। ਇਹ ਕਿਸਮ 70-80 ਦਿਨਾਂ ਵਿੱਚ ਪੱਕ ਜਾਂਦੀ ਹੈ। ਆਲੂ ਵੱਡੇ, ਗੋਲਾਕਾਰ, ਚਿੱਟੇ ਅਤੇ ਨਰਮ ਛਿਲਕੇ ਵਾਲੇ ਹੁੰਦੇ ਹਨ। ਇਹ ਪਿਛੇਤੇ ਝੁਲਸ ਰੋਗ ਨੂੰ ਸਹਾਰਨਯੋਗ ਕਿਸਮ ਹੈ। ਇਸੇ ਤਰ੍ਹਾਂ ਕੁਫ਼ਰੀ ਬਾਦਸ਼ਾਹ ਦੇ ਪੌਦੇ ਲੰਬੇ ਅਤੇ 4-5 ਤਣੇ ਪ੍ਰਤੀ ਪੌਦਾ ਹੁੰਦੇ ਹਨ। ਇਸ ਦੇ ਆਲੂ ਗੋਲ, ਵੱਡੇ ਤੇ ਦਰਮਿਆਨੇ, ਗੋਲਾਕਾਰ ਅਤੇ ਫਿੱਕੇ ਚਿੱਟੇ ਰੰਗ ਦੇ ਹੁੰਦੇ ਹਨ। ਇਸ ਦੇ ਆਲੂ ਸਵਾਦ ਹੁੰਦੇ ਹਨ। ਇਹ ਕਿਸਮ 90-100 ਦਿਨਾਂ ਵਿੱਚ ਪੱਕ ਜਾਂਦੀ ਹੈ। ਇਹ ਕਿਸਮ ਕੋਹਰੇ ਨੂੰ ਸਹਿਣਯੋਗ ਹੈ ਅਤੇ ਪਿਛੇਤੇ ਤੇ ਅਗੇਤੇ ਝੁਲਸ ਰੋਗ ਦੀ ਰੋਧਕ ਹੈ।

ਕੁਫ਼ਰੀ ਬਹਾਰ ਕਿਸਮ ਦੇ ਪੌਦੇ ਲੰਬੇ ਅਤੇ ਤਣੇ ਮੋਟੇ ਹੁੰਦੇ ਹਨ। ਤਣਿਆਂ ਦੀ ਸੰਖਿਆ 4-5 ਪ੍ਰਤੀ ਪੌਦਾ ਹੁੰਦੀ ਹੈ। ਇਸ ਦੇ ਆਲੂ ਵੱਡੇ, ਚਿੱਟੇ ਰੰਗ ਦੇ, ਗੋਲਾਕਾਰ ਤੇ ਅੰਡਾਕਾਰ ਹੁੰਦੇ ਹਨ। ਇਹ ਕਿਸਮ 90-100 ਦਿਨਾਂ ਵਿੱਚ ਪੱਕ ਜਾਂਦੀ ਹੈ ਅਤੇ ਇਸਦਾ ਔਸਤਨ ਝਾੜ 100-120 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ। ਇਸਨੂੰ ਜ਼ਿਆਦਾ ਦੇਰ ਤੱਕ ਸਟੋਰ ਕਰਕੇ ਰੱਖਿਆ ਜਾ ਸਕਦਾ ਹੈ। ਇਹ ਪਿਛੇਤੇ

ਬਾਕੀ ਸਫਾ 6 'ਤੇ

### ਕੀੜਿਆਂ ਤੋਂ ਕਰੋ ਬਚਾਅ...



ਪੌਦੇ ਦੀ ਦੇਖਭਾਲ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਦੇ ਪੱਤੇ ਨੂੰ ਕਈ ਵਾਰ ਸੁੰਡੀਆਂ ਚੱਟ ਜਾਂਦੀਆਂ ਹਨ। ਚੇਪਾ ਕੀੜੇ ਪੌਦਿਆਂ ਦਾ ਰਸ ਚੂਸਦੇ ਹਨ ਅਤੇ ਕਮਜ਼ੋਰ ਬਣਾਉਂਦੇ ਹਨ। ਗੰਭੀਰ ਹਮਲੇ ਨਾਲ ਪੌਦੇ ਦੇ ਪੱਤੇ ਮੁੜ ਜਾਂਦੇ ਹਨ ਅਤੇ ਪੱਤਿਆਂ ਦਾ ਆਕਾਰ ਬਦਲ ਜਾਂਦਾ ਹੈ। ਨੁਕਸਾਨੇ ਹਿੱਸਿਆਂ ਤੇ ਕਾਲੇ ਰੰਗ ਦੀ ਉੱਲੀ ਲੱਗ ਜਾਂਦੀ ਹੈ। ਕੁਤਰਾ ਸੁੰਡੀ ਪੌਦੇ ਨੂੰ ਪੁੰਗਰਨ ਸਮੇਂ ਕੱਟ ਕੇ ਨੁਕਸਾਨ ਪਹੁੰਚਾਉਂਦੀ ਹੈ। ਇਹ ਰਾਤ ਦੇ ਸਮੇਂ ਹਮਲਾ ਕਰਦੀ ਹੈ, ਇਸ ਲਈ ਇਸ ਨੂੰ ਰੋਕਣਾ ਔਖਾ ਹੈ। ਇਸਦੇ ਨੁਕਸਾਨ ਨੂੰ ਘਟਾਉਣ ਲਈ ਕੇਵਲ ਰੂੜ੍ਹੀ ਦੀ ਖਾਦ ਵਰਤੋਂ। ਪੱਤੇ ਖਾਣ ਵਾਲੀ ਸੁੰਡੀ ਫ਼ਸਲ ਦਾ ਵੱਡਾ ਨੁਕਸਾਨ ਕਰਦੀ ਹੈ। ਜੇਕਰ ਖੇਤ ਵਿੱਚ ਇਸਦਾ ਹਮਲਾ ਦਿਖੇ ਤਾਂ ਕਲੋਰਪਾਇਰੀਫੋਸ ਜਾਂ ਪ੍ਰੋਫੈਨੋਫੋਸ 2 ਮਿ.ਲੀ. ਜਾਂ ਲੈਬਡਾ ਸਾਈਹੈਲੋਥ੍ਰਿਨ 1 ਮਿ.ਲੀ. ਪ੍ਰਤੀ ਲੀਟਰ ਪਾਣੀ ਦੀ ਸਪਰੇਅ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਲਾਲ ਭੂੰਡੀ ਵੀ ਪੱਤੇ ਖਾ ਕੇ ਫ਼ਸਲ ਦਾ ਨੁਕਸਾਨ ਕਰਦੇ ਹਨ। ਆਲੂਆਂ ਤੇ ਕਾਲੇ ਧੱਬੇ ਦੀ ਬਿਮਾਰੀ ਵੀ ਹੁੰਦੀ ਹੈ। ਇਸ ਕਾਰਨ ਪੌਦੇ ਸੁੱਕਦੇ ਦਿਖਾਈ ਦਿੰਦੇ ਹਨ। ਨੁਕਸਾਨੇ ਆਲੂਆਂ ਦੇ ਪੁੰਗਰਨ ਸਮੇਂ ਅੱਖਾਂ ਤੇ ਕਾਲਾ ਅਤੇ ਭੂਰਾ ਰੰਗ ਆ ਜਾਂਦਾ ਹੈ। ਬਿਜਾਈ ਲਈ ਬਿਮਾਰੀ ਮੁਕਤ ਬੀਜ ਵਰਤੋਂ। ਬਿਜਾਈ ਤੋਂ ਪਹਿਲਾਂ ਆਲੂਆਂ ਨੂੰ ਮਰਕਰੀ ਦੇ ਘੋਲ ਨਾਲ ਸੋਧੋ। ਇੱਕੋ ਫ਼ਸਲ ਨੂੰ ਵਾਰ-ਵਾਰ ਨਾ ਉਗਾਓ। ਜੇਕਰ ਖੇਤ ਨੂੰ ਦੋ ਸਾਲਾਂ ਲਈ ਖਾਲੀ ਛੱਡ ਦਿੱਤਾ ਜਾਵੇ ਤਾਂ ਬਿਮਾਰੀ ਦੇ ਖ਼ਤਰੇ ਨੂੰ ਘਟਾਇਆ ਜਾ ਸਕਦਾ ਹੈ।




# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

# KHETI DUNIYAN

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 42
ਮਿਤੀ 18-10-2025

ਐਡੀਟਰ

ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



ਸੰਪਾਦਕੀ ਬੋਰਡ

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



ਕੰਪੋਜ਼ਿੰਗ

ਏਕਤਾ ਕੰਪਿਊਟਰਜ਼, ਪਟਿਆਲਾ


## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।


Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਕਿਸਾਨਾਂ ਦੀ ਆਮਦਨ ਵਧਾਉਣ ਦਾ ਕੰਮ ਕਰਨਗੀਆਂ ਜੀ.ਐੱਸ.ਟੀ. ਦੀਆਂ ਨਵੀਆਂ ਦਰਾਂ



ਕਿਸਾਨ ਭਲਾਈ ਕੇਂਦਰ ਸਰਕਾਰ ਦੀ ਸਰਬਉੱਚ ਤਰਜੀਹ ਹੈ। ਖੇਤੀ ਸਰਲ ਹੋਵੇ, ਉਤਪਾਦਨ ਦੀ ਲਾਗਤ ਘੱਟ ਅਤੇ ਕਿਸਾਨਾਂ ਨੂੰ ਵੱਧ ਮੁਨਾਫ਼ਾ ਹੋਵੇ, ਇਸ ਲਈ ਨਿਰੰਤਰ ਯਤਨ ਜਾਰੀ ਹਨ। ਅੰਨਦਾਤਾਵਾਂ ਦਾ ਜੀਵਨ ਬਦਲਣਾ ਅਤੇ ਖੇਤੀਬਾੜੀ ਨੂੰ ਵਿਕਸਿਤ ਬਣਾਉਣਾ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਦਾ ਟੀਚਾ ਵੀ ਹੈ ਅਤੇ ਸੰਕਲਪ ਵੀ। ਉਨ੍ਹਾਂ ਦੇ ਫ਼ੈਸਲਿਆਂ, ਨੀਤੀਆਂ ਅਤੇ ਯੋਜਨਾਵਾਂ ਦੇ ਕੇਂਦਰ ਵਿੱਚ ਹਮੇਸ਼ਾ ਕਿਸਾਨ ਰਹਿੰਦੇ ਹਨ। ਹਾਲ ਹੀ ਵਿੱਚ ਜੀ. ਐੱਸ. ਟੀ. ਪ੍ਰੀਸ਼ਦ ਦੁਆਰਾ ਕੀਤੇ ਗਏ ਸੰਸ਼ੋਧਨ ਇਸੇ ਕਿਸਾਨ ਹਿਤੈਸ਼ੀ ਸੋਚ ਨੂੰ ਦਰਸਾਉਂਦੇ ਹਨ। ਸੁਤੰਤਰਤਾ ਦਿਵਸ 'ਤੇ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਨੇ ਜੀ. ਐੱਸ. ਟੀ. ਵਿੱਚ ਨੈਕਸਟ ਜੈਨਰੇਸ਼ਨ ਰਿਫੋਰਮਰ ਦਾ ਜੋ ਸੰਕਲਪ ਲਿਆ ਸੀ ਅੱਜ ਉਹ ਨਵੇਂ ਭਾਰਤ ਦੀ ਸਮ੍ਰਿਧੀ ਦਾ ਆਧਾਰ ਬਣ ਰਿਹਾ ਹੈ।

ਦੇਸ਼ ਦੀ ਆਮ ਜਨਤਾ ਅਤੇ ਕਿਸਾਨਾਂ ਦੇ ਹਿਤ ਨੂੰ ਸਰਬਉੱਚ ਤਰਜੀਹ ਦਿੰਦੇ ਹੋਏ ਜੀ. ਐੱਸ. ਟੀ. ਦਰਾਂ ਵਿੱਚ ਵਿਆਪਕ ਸੁਧਾਰ ਕੀਤੇ ਗਏ ਹਨ। ਇਹ ਸੁਧਾਰ ਸਾਡੀ ਖੇਤੀਬਾੜੀ ਵਿਵਸਥਾ ਨੂੰ ਗਤੀ ਅਤੇ ਕਿਸਾਨਾਂ ਨੂੰ ਪ੍ਰਗਤੀ ਦੇਣ ਵਾਲੇ ਹਨ। ਇਨ੍ਹਾਂ ਸੁਧਾਰਾਂ ਨਾਲ ਦੇਸ਼ ਦੇ 10 ਕਰੋੜ ਤੋਂ ਵੱਧ ਦਰਮਿਆਨੇ ਕਿਸਾਨਾਂ ਨੂੰ ਸਿੱਧਾ ਲਾਭ ਮਿਲੇਗਾ। ਪਹਿਲਾਂ ਜਿੱਥੇ ਖੇਤੀਬਾੜੀ ਉਪਕਰਣਾਂ 'ਤੇ 18% ਤੱਕ ਜੀ. ਐਸ. ਟੀ. ਦੇਣਾ ਪੈਂਦਾ ਸੀ, ਹੁਣ ਇਹ ਦਰ ਘਟਾ ਕੇ 5% ਕਰ ਦਿੱਤੀ ਗਈ ਹੈ। ਇਸ ਦਾ ਮਤਲਬ ਹੈ ਕਿ ਹਰ ਕਿਸਾਨ ਦੀ ਜੇਬ ਵਿੱਚ ਹਜ਼ਾਰਾਂ ਰੁਪਏ ਦੀ ਸਿੱਧੀ ਬੱਚਤ ਹੋਵੇਗੀ।



ਸ਼ਿਵਰਾਜ ਸਿੰਘ ਚੌਹਾਨ
ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਅਤੇ ਪੇਂਡੂ ਵਿਕਾਸ ਮੰਤਰੀ

ਉਦਾਹਰਣ ਵਜੋਂ ਜੇਕਰ ਕੋਈ ਕਿਸਾਨ 35 ਹਾਰਸਪਾਵਰ ਦਾ ਟ੍ਰੈਕਟਰ ਖਰੀਦਦਾ ਸੀ ਤਾਂ ਪਹਿਲਾਂ ਉਸ ਨੂੰ ਲਗਭਗ 6.5 ਲੱਖ ਰੁਪਏ (ਅਨੁਮਾਨਿਤ) ਖ਼ਰਚ ਕਰਨੇ ਪੈਂਦੇ ਸਨ। ਹੁਣ ਇਹੀ ਟ੍ਰੈਕਟਰ ਕਰੀਬ 6.09 ਲੱਖ ਰੁਪਏ ਵਿੱਚ ਮਿਲੇਗਾ ਅਤੇ ਕਿਸਾਨਾਂ ਨੂੰ ਲਗਭਗ 41 ਹਜ਼ਾਰ ਰੁਪਏ ਦੀ ਬੱਚਤ ਹੋਵੇਗੀ। 45 ਐੱਚ. ਪੀ. ਟ੍ਰੈਕਟਰ 'ਤੇ ਕਰੀਬ 45 ਹਜ਼ਾਰ ਰੁਪਏ ਅਤੇ 50 ਐੱਚ.ਪੀ. ਟ੍ਰੈਕਟਰ 'ਤੇ 53 ਹਜ਼ਾਰ ਰੁਪਏ ਦੀ ਸਿੱਧੀ ਬੱਚਤ ਹੋਵੇਗੀ। 75 ਐੱਚ.ਪੀ. ਟ੍ਰੈਕਟਰ 'ਤੇ ਕਿਸਾਨਾਂ ਨੂੰ ਲਗਭਗ 63 ਹਜ਼ਾਰ ਰੁਪਏ ਦਾ ਲਾਭ ਹੋਵੇਗਾ। ਸਿਰਫ਼ ਟ੍ਰੈਕਟਰ ਹੀ ਨਹੀਂ, ਪਾਵਰ ਟਿੱਲਰ 'ਤੇ ਕਰੀਬ 12 ਹਜ਼ਾਰ, ਝੋਨੇ ਦੀ ਬਿਜਾਈ ਵਾਲੇ ਯੰਤਰ 'ਤੇ 15 ਹਜ਼ਾਰ ਅਤੇ ਥ੍ਰੈਸ਼ਰ 'ਤੇ ਲਗਭਗ 14 ਹਜ਼ਾਰ ਰੁਪਏ ਦੀ ਬੱਚਤ ਹੋਵੇਗੀ। ਪਾਵਰ ਵੀਡਰ ਅਤੇ ਸੀਡ-ਡਰਿੱਲ ਵਰਗੇ ਉਪਕਰਣਾਂ 'ਤੇ ਵੀ 5 ਤੋਂ 10 ਹਜ਼ਾਰ ਰੁਪਏ ਤੱਕ ਦੀ ਬੱਚਤ ਹੋਵੇਗੀ। ਨਵੇਂ ਸੁਧਾਰਾਂ ਨਾਲ ਕਟਾਈ ਅਤੇ ਬਿਜਾਈ ਦੀਆਂ




ਵੱਡੀਆਂ ਮਸ਼ੀਨਾਂ ਵੀ ਕਿਸਾਨਾਂ ਨੂੰ ਸਸਤੀਆਂ ਦਰਾਂ 'ਤੇ ਉਪਲਬਧ ਹੋ ਸਕਣਗੀਆਂ। 14 ਫੁੱਟ ਕਟਰ ਬਾਰ 'ਤੇ ਲਗਭਗ 1.87 ਲੱਖ ਰੁਪਏ, ਸਕੁਏਅਰਬੇਲਰ 'ਤੇ ਲਗਭਗ 94 ਹਜ਼ਾਰ ਰੁਪਏ ਅਤੇ ਸਟ੍ਰਾਅ-ਕੀਪਰ 'ਤੇ ਕਰੀਬ 22 ਹਜ਼ਾਰ ਰੁਪਏ ਕਿਸਾਨਾਂ ਦੀ ਜੇਬ ਵਿੱਚ ਬਚਣਗੇ। ਮਲਚਰ, ਸੁਪਰ-ਸੀਡਰ, ਹੈਪੀਸੀਡਰ ਅਤੇ ਸਪ੍ਰੇਅਰ ਵੀ ਹੁਣ ਪਹਿਲਾਂ ਨਾਲੋਂ ਸਸਤੇ ਹੋ ਗਏ ਹਨ।

ਖੇਤੀਬਾੜੀ ਨੂੰ ਵਧੇਰੇ ਲਾਭਦਾਇਕ ਬਣਾਉਣ ਲਈ ਮਸ਼ੀਨੀਕਰਨ ਜ਼ਰੂਰੀ ਹੈ। ਸਪ੍ਰਿੰਕਲਰ, ਡਰਿੰਪਇਰੀਗੇਸ਼ਨ, ਕਟਾਈ ਮਸ਼ੀਨ, ਹਾਈਡ੍ਰੋਲਿਕਪੰਪ ਅਤੇ ਕਲਪੁਰਜ਼ਿਆਂ 'ਤੇ ਟੈਕਸ ਘੱਟਣ ਨਾਲ ਹੁਣ ਦਰਮਿਆਨੇ ਕਿਸਾਨ ਵੀ ਅਸਾਨੀ ਨਾਲ ਆਧੁਨਿਕ ਉਪਰਕਣ ਖਰੀਦ ਸਕਣਗੇ। ਇਸ ਨਾਲ ਮਿਹਨਤ ਲਾਗਤ ਘੱਟ ਹੋਵੇਗੀ, ਸਮਾਂ ਬਚੇਗਾ ਅਤੇ ਉਤਪਾਦਕਤਾ ਵਧੇਗੀ। ਖੇਤੀਬਾੜੀ ਦੇ ਖਰਚੇ ਵਿੱਚ ਕਮੀ ਆਉਣ ਨਾਲ ਸੁਭਾਵਿਕ ਤੌਰ 'ਤੇ ਕਿਸਾਨ ਦੀ ਆਮਦਨ ਵਿੱਚ ਵਾਧਾ ਹੋਵੇਗਾ। ਇਹ ਅਨੁਮਾਨਿਤ ਕੀਮਤਾਂ ਹਨ। ਕੰਪਨੀਆਂ ਅਤੇ ਰਾਜਾਂ ਦੀਆਂ ਨੀਤੀਆਂ ਦੇ ਆਧਾਰ 'ਤੇ ਥੋੜ੍ਹੀ-ਬਹੁਤ ਭਿੰਨਤਾ ਸੰਭਵ ਹੈ ਪਰ ਤੈਅ ਹੈ ਕਿ ਕਿਸਾਨਾਂ ਦੀ ਲਾਗਤ ਘਟੇਗੀ ਅਤੇ ਲਾਭ ਨਿਸ਼ਚਿਤ ਮਿਲੇਗਾ।

ਸਾਡਾ ਹਰ ਕਦਮ ਕਿਸਾਨਾਂ ਦੀ ਸਮ੍ਰਿੱਧੀ ਦੇ ਲਈ ਹੈ। ਕਿਸਾਨਾਂ ਨੂੰ ਘੱਟ ਹੋਈਆਂ ਦਰਾਂ ਦਾ ਲਾਭ ਤੁਰੰਤ ਮਿਲੇ, ਇਸ ਲਈ ਮੈਂ ਖੇਤੀਬਾੜੀ ਮਸ਼ੀਨ ਨਿਰਮਾਤਾਵਾਂ ਦੀਆਂ ਯੂਨੀਅਨਾਂ ਦੇ ਪ੍ਰਤੀਨਿਧੀਆਂ ਨਾਲ ਵੀ ਮੀਟਿੰਗ ਕੀਤੀ। ਇਹ ਸੁਧਾਰ ਸਿਰਫ਼ ਕਿਸਾਨਾਂ ਲਈ ਨਹੀਂ, ਸਗੋਂ ਪੂਰੇ ਦੇਸ਼ ਦੀ ਆਰਥਿਕ ਸੰਪਨਤਾ ਅਤੇ ਆਤਮ-ਨਿਰਭਰਤਾ ਲਈ ਸ਼ਲਾਘਾਯੋਗ ਕਦਮ ਹੈ। ਖੇਤੀਬਾੜੀ ਦੀ ਲਾਗਤ ਘਟਣ ਨਾਲ ਕਿਸਾਨ ਆਪਣੀ ਉਪਜ ਤੋਂ ਵੱਧ ਲਾਭ ਕਮਾ ਸਕਣਗੇ ਜਿਸ ਨਾਲ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ। ਇਸ ਦਾ ਸਾਕਾਰਾਤਮਕ ਅਸਰ ਲਘੂ ਅਤੇ ਕੁਟੀਰ ਉਦਯੋਗ 'ਤੇ ਵੀ ਪਵੇਗਾ, ਕਿਉਂਕਿ ਉਨ੍ਹਾਂ ਨੂੰ ਕੱਚਾ ਮਾਲ ਸਸਤੇ ਵਿੱਚ ਉਪਲਬਧ ਹੋਵੇਗਾ ਅਤੇ ਉਤਪਾਦਨ ਲਾਗਤ ਘਟੇਗੀ। ਨਾਲ ਹੀ ਐੱਮ. ਐੱਸ. ਐੱਮ. ਈ. ਖੇਤਰਾਂ ਨੂੰ ਵੀ ਹੁਲਾਰਾ ਮਿਲੇਗਾ ਅਤੇ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ।

ਖੇਤੀਬਾੜੀ ਅਤੇ ਪਸ਼ੂਪਾਲਣ ਇੱਕ-ਦੂਜੇ ਦੇ ਪੂਰਕ ਹਨ। ਮਧੂਮੱਖੀ ਪਾਲਣ, ਡੇਅਰੀ, ਪਸ਼ੂਪਾਲਣ ਅਤੇ ਸਹਿਕਾਰੀ ਸਭਾਵਾਂ ਨੂੰ ਜੀ. ਐਸ. ਟੀ. ਵਿੱਚ ਜੋ ਛੋਟ ਦਿੱਤੀ ਗਈ ਹੈ, ਉਸ ਨਾਲ ਗ੍ਰਾਮੀਣ ਅਰਥਵਿਵਸਥਾ ਵਿਚ ਨਵੀਂ ਖੁਸ਼ਹਾਲੀ ਆਏਗੀ। ਜਦੋਂ ਕਿਸਾਨਾਂ ਦੇ ਖਰਚੇ ਘੱਟ ਹੋਣਗੇ ਅਤੇ ਉਨ੍ਹਾਂ ਦੀ ਆਮਦਨ ਵਧੇਗੀ ਤਾਂ ਉਹ ਆਪਣੀ ਜੀਵਨਸ਼ੈਲੀ, ਸਿੱਖਿਆ ਅਤੇ ਸਿਹਤ 'ਤੇ ਵਧੇਰੇ ਨਿਵੇਸ਼ ਕਰ ਸਕਣਗੇ, ਜਿਸ ਨਾਲ ਜੀਵਨ ਦਾ ਸੰਪੂਰਨ ਵਿਕਾਸ ਸੰਭਵ ਹੋਵੇਗਾ।

ਜੈਵਿਕ ਖੇਤੀ ਅਤੇ ਕੁਦਰਤੀ ਖੇਤੀ ਦੇ ਪ੍ਰਤੀ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਦਾ ਵਿਸ਼ੇਸ਼ ਜ਼ੋਰ ਰਹਿੰਦਾ ਹੈ। ਅੱਜ ਜਦੋਂ ਪੂਰੀ ਦੁਨੀਆ ਵਾਤਾਵਰਨ ਦੀ ਸੰਭਾਲ ਅਤੇ ਟਿਕਾਊ ਖੇਤੀ ਵੱਲ ਵੱਧ ਰਹੀ ਹੈ, ਅਜਿਹੇ ਵਿੱਚ ਸਾਡੇ ਕਿਸਾਨਾਂ ਨੂੰ ਸਸਤੀਆਂ ਕੀਮਤਾਂ 'ਤੇ ਜੈਵ-ਕੀਟਨਾਸ਼ਕਾਂ ਅਤੇ ਸੂਖਮ ਪੋਸ਼ਕ ਤੱਤਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਜੀ. ਐੱਸ. ਟੀ. 12% ਤੋਂ ਘਟਾ ਕੇ5% ਕੀਤੀ ਗਈ ਹੈ। ਇਸ ਨਾਲ ਕਿਸਾਨ ਰਸਾਇਣਿਕ ਖਾਦਾਂ 'ਤੇ ਨਿਰਭਰ ਰਹਿਣ ਦੀ ਬਜਾਏ ਹੌਲੀ-ਹੌਲੀ ਜੈਵਿਕ ਖਾਦਾਂ ਵੱਲ ਵਧਣਗੇ। ਮਿੱਟੀ ਦੀ ਉਪਜਾਊ ਸ਼ਕਤੀ ਵਧੇਗੀ, ਧਰਤੀ ਮਾਂ ਦੀ ਸਿਹਤ ਸੁਧਰੇਗੀ ਅਤੇ ਨਾਲ ਹੀ ਕਿਸਾਨਾਂ ਦੀ ਲਾਗਤ ਵੀ ਘੱਟ ਹੋਵੇਗੀ। ਸਾਡੇ ਦੇਸ਼ ਦੇ ਕਿਸਾਨਾਂ ਦੀ ਜੋਤ ਦਾ ਅਕਾਰ ਛੋਟਾ ਹੈ ਇਸ ਲਈ ਅਸੀਂ ਇੰਟੀਗ੍ਰੇਟਿਵ ਫਾਰਮਿੰਗ ਅਤੇ ਖੇਤੀ ਸੰਬੰਧਿਤ ਖੇਤਰਾਂ ਨੂੰ ਉਤਸ਼ਾਹਿਤ ਕਰ ਰਹੇ ਹਾਂ ਤਾਂ ਜੋ ਕਿਸਾਨਾਂ ਦੀ ਆਮਦਨ ਤੇਜ਼ੀ ਨਾਲ ਵਧੇ।

ਖੇਤਾਂ ਵਿੱਚ ਪਰਾਲੀ ਨੂੰ ਅੱਗ ਲਗਾਉਣ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਦਾ ਵੱਡਾ ਨੁਕਸਾਨ ਹੁੰਦਾ ਹੈ। ਇਸ ਦੇ ਨਾਲ ਹੀ ਮਿੱਤਰ ਕੀੜੇ ਮਰ ਜਾਂਦੇ ਹਨ। ਵਾਤਾਵਰਨ ਨੂੰ ਵੱਡੇ ਪੱਧਰ 'ਤੇ ਨੁਕਸਾਨ ਹੁੰਦਾ ਹੈ...



# ਹਲਦੀ ਰੋਗ ਪ੍ਰਭਾਵਿਤ ਖੇਤਾਂ ਦਾ ਕਿਵੇਂ ਕਰੀਏ ਪਰਾਲੀ ਪ੍ਰਬੰਧਨ

ਪ੍ਰੋ. ਤੇਜਿੰਦਰ ਸਿੰਘ ਰਿਆੜ

ਪੰਜਾਬ ਵਿੱਚ ਇਸ ਸਾਲ ਮੌਜੂਦਾ ਸਾਉਣੀ ਦੀ ਰੁੱਤ ਵਿੱਚ ਝੋਨੇ ਦੀ ਅਗੇਤੀ ਬਿਜਾਈ ਅਤੇ ਅਨੁਕੂਲ ਮੌਸਮੀ ਹਾਲਾਤਾਂ ਜਿਵੇਂ ਕਿ ਵਧੇਰੇ ਮੀਂਹ ਅਤੇ ਨਮੀਂ ਹੋਣ ਕਾਰਨ, ਝੋਨੇ ਦੀ ਫ਼ਸਲ ਵਿੱਚ ਮਧਰੇਪਣ ਅਤੇ ਝੂਠੀ ਕਾਗਿਆਰੀ ਦੇ ਰੋਗ ਦਾ ਹਮਲਾ ਪਿਛਲੇ ਸਾਲਾਂ ਨਾਲੋਂ ਵਧੇਰੇ ਵੇਖਿਆ ਗਿਆ। ਜਿਹੜੇ ਖੇਤਾਂ ਵਿੱਚ ਇਹ ਦੋਵੇਂ ਬਿਮਾਰੀਆਂ ਆਈਆਂ ਹਨ, ਉੱਥੇ ਝੋਨੇ ਦੀ ਪਰਾਲੀ ਨੂੰ ਅੱਗ ਲਾ ਕੇ ਸਾੜਣ ਨਾਲ ਅਗਲੇ ਸਾਲ ਇਨ੍ਹਾਂ ਬਿਮਾਰੀਆਂ ਦੇ ਪ੍ਰਭਾਵ ਨੂੰ ਘਟਾਇਆ ਨਹੀਂ ਜਾ ਸਕਦਾ।

## ਅੱਗ ਨਾਲ ਮਰ ਜਾਂਦੇ ਨੇ ਮਿੱਤਰ ਕੀੜੇ

ਝੋਨੇ ਦਾ ਬੌਣਾ ਰੋਗ ਚਿੱਟੀ ਪਿੱਠ ਵਾਲੇ ਟਿੱਡੇ ਦੁਆਰਾ ਫੈਲਾਏ ਜਾਣ ਵਾਲੇ ਇੱਕ ਵਿਸ਼ਾਣੂ ਨਾਲ ਲੱਗਦਾ ਹੈ। ਇਹ ਵਿਸ਼ਾਣੂ ਝੋਨੇ ਦੇ ਮਰੇ ਹੋਏ ਬੂਟਿਆਂ ਜਾਂ ਪਰਾਲੀ ਰਾਹੀਂ ਨਹੀਂ ਫੈਲਦਾ। ਝੋਨੇ ਦੇ ਜਿਉਂਦੇ ਬੂਟਿਆਂ ਜਾਂ ਚਿੱਟੀ ਪਿੱਠ ਵਾਲੇ ਟਿੱਡੇ ਰਾਹੀਂ ਹੀ ਇਸ ਵਿਸ਼ਾਣੂ ਆਪਣਾ ਜੀਵਨ ਚੱਕਰ ਪੂਰਾ ਕਰਦਾ ਹੈ। ਇਸ ਕਰਕੇ ਫ਼ਸਲ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਨਾਲ ਅਗਲੇ ਸਾਲ ਦੀ ਫ਼ਸਲ ਉੱਤੇ ਇਸ ਵਿਸ਼ਾਣੂ ਦੇ ਹਮਲੇ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ। ਇਸ ਦੇ ਉਲਟ ਅੱਗ ਲਾਉਣ ਨਾਲ ਮਿੱਤਰ ਕੀੜੇ ਜ਼ਰੂਰ ਮਰ ਸਕਦੇ ਹਨ ਜੋ ਚਿੱਟੀ ਪਿੱਠ ਵਾਲੇ ਟਿੱਡੇ ਦੀ ਜਨਸੰਖਿਆ ਉੱਤੇ ਕਾਬੂ ਰੱਖਦੇ ਹਨ।

ਹਾੜੀ ਵਿੱਚ ਚਿੱਟੀ ਪਿੱਠ ਵਾਲਾ ਟਿੱਡਾ ਕਈ ਤਰ੍ਹਾਂ ਦੇ ਨਦੀਨਾਂ ਉੱਤੇ ਜਿਉਂਦਾ ਰਹਿ ਸਕਦਾ ਹੈ। ਇਸ ਲਈ ਖੇਤ ਅਤੇ ਵੱਟਾਂ ਬੰਨਿਆਂ ਨੂੰ ਨਦੀਨ ਮੁਕਤ ਰੱਖਿਆ ਜਾਵੇ ਤਾਂ ਜੋ ਚਿੱਟੀ ਪਿੱਠ ਵਾਲੇ ਟਿੱਡੇ ਨੂੰ ਜਿਉਂਦੇ ਰੱਖਣ ਲਈ ਸਰੋਤ ਘੱਟ ਮਿਲਣ ਅਤੇ ਉਹ ਵਿਸ਼ਾਣੂ ਦਾ ਪਸਾਰ ਘੱਟ ਕਰ ਸਕੇ।

### ਕਿਸਾਨਾਂ ਨੂੰ ਧਿਆਨ ਰੱਖਣ ਦੀ ਹਦਾਇਤ

ਖੇਤੀਬਾੜੀ ਮਾਹਿਰਾਂ ਮੁਤਾਬਕ ਹਲਦੀ ਰੋਗ ਦਾ ਕੋਈ ਵੀ ਇਲਾਜ ਨਹੀਂ ਹੈ। ਹਲਦੀ ਰੋਗ ਨੂੰ ਰੋਕਣ ਲਈ ਫ਼ਸਲ ਦਾ ਸਮੇਂ-ਸਮੇਂ ਸਿਰ ਧਿਆਨ ਰੱਖਣਾ ਚਾਹੀਦਾ ਹੈ ਕਿਉਂਕਿ ਜ਼ਿਆਦਾ ਨਾਈਟਰੋਜਨ ਅਤੇ ਨਮੀ ਕਾਰਨ ਇਹ ਰੋਗ ਤੇਜ਼ੀ ਨਾਲ ਫੈਲਦਾ ਹੈ। ਜੇਕਰ ਇਸ ਰੋਗ ਦੇ ਲੱਛਣ ਝੋਨਾ ਨਿਸਰਨ ਤੋਂ ਪਹਿਲਾਂ ਨਜ਼ਰ ਆਉਣ ਤਾਂ ਇਸ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ। ਜੇਕਰ ਝੋਨਾ ਨਿਸਰਨ ਉੱਤੇ ਇਸ ਵਲੋਂ ਹਮਲਾ ਕੀਤਾ ਜਾਂਦਾ ਹੈ ਤਾਂ ਇਹ ਕੰਟਰੋਲ ਨਹੀਂ ਹੋ ਸਕਦਾ ਹੈ। ਖੇਤੀਬਾੜੀ ਵਿਭਾਗ ਵੱਲੋਂ ਕਈ ਤਰ੍ਹਾਂ ਦੇ ਕੀਟਨਾਸ਼ਕ ਇਸ ਵਾਇਰਸ ਨੂੰ ਰੋਕਣ ਲਈ ਸਿਫ਼ਾਰਿਸ਼ ਕੀਤੇ ਗਏ ਹਨ, ਕਿਸਾਨਾਂ ਨੂੰ ਚਾਹੀਦਾ ਹੈ ਕਿ ਝੋਨੇ ਨੂੰ ਦੇਖ ਕੇ ਪਾਣੀ ਲਗਾਉਣ ਅਤੇ ਨਾਈਟ੍ਰੋਜਨ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ।

## ਘਟਦੀ ਹੈ ਮਿੱਟੀ ਦੀ ਉਪਜਾਊ ਸ਼ਕਤੀ

ਝੋਨੇ ਦੀ ਝੂਠੀ ਕਾਗਿਆਰੀ ਮੁੱਢਲੇ ਤੌਰ 'ਤੇ ਜ਼ਮੀਨ ਉੱਤੇ ਉੱਲੀ ਦੇ ਹਲਦੀ ਰੰਗੇ ਗੋਲਿਆਂ ਵਿੱਚੋਂ ਡਿੱਗੇ ਬਿਜਾਣੂਆਂ ਦੁਆਰਾ ਫੈਲਦੀ ਹੈ। ਇਹ ਝੋਨੇ ਦੀ ਪਰਾਲੀ ਦੀ ਰਹਿੰਦ-ਖੂੰਹਦ ਅਤੇ ਬੀਜ ਉੱਤੇ ਘੱਟ ਪਾਈ ਜਾਂਦੀ ਹੈ। ਝੋਨੇ ਦੇ ਅਗਲੇ ਸਾਲ ਦੀ ਫ਼ਸਲ ਵਿੱਚ ਬਿਮਾਰੀ ਪੈਦਾ ਕਰਨ ਵਾਲੇ ਮਿੱਟੀ ਵਿਚਲੇ ਬਿਜਾਣੂਆਂ ਨੂੰ ਪਰਾਲੀ ਸਾੜਨ ਨਾਲ ਪੂਰੀ ਤਰ੍ਹਾਂ ਖ਼ਤਮ ਨਹੀਂ ਕੀਤਾ ਜਾ ਸਕਦਾ ਪਰ ਇੰਜ ਕਰਨ ਨਾਲ ਮਿੱਟੀ ਵਿੱਚੋਂ ਮਿਲਣ ਵਾਲੇ ਪੌਸ਼ਟਿਕ ਤੱਤ ਜ਼ਰੂਰ ਨਸ਼ਟ ਹੋ ਜਾਂਦੇ ਹਨ ਅਤੇ ਹਵਾ ਤੇ ਵਾਤਾਵਰ ਵੀ ਪ੍ਰਦੂਸ਼ਿਤ ਹੋ ਜਾਂਦਾ ਹੈ। ਇਸ ਦੀ ਬਜਾਏ ਪਰਾਲੀ ਦੀ ਰਹਿੰਦ-ਖੂੰਹਦ ਨੂੰ ਖੇਤ ਵਿੱਚ ਹੀ ਰਲਾ ਦੇਣ ਨਾਲ ਜਾਂ ਖੇਤ ਵਿੱਚ ਹੀ ਡੂੰਘਾ ਵਾਹ ਕੇ ਇਨ੍ਹਾਂ ਬੀਜਾਣੂਆਂ ਦੀ ਜੰਮਣ ਸ਼ਕਤੀ ਬਹੁਤ ਹੱਦ ਤੱਕ ਘਟਾਈ ਜਾ ਸਕਦੀ ਹੈ। ਇਸ ਤਰ੍ਹਾਂ ਕਰਨ ਨਾਲ ਇਸ ਬਿਮਾਰੀ ਦੇ ਕਣ ਮਿੱਟੀ ਦੇ ਅੰਦਰ ਜਲਦੀ ਗਲਦੇ ਹਨ ਅਤੇ ਅਗਲੇ ਸਾਲ ਬਿਮਾਰੀ ਦਾ ਪ੍ਰਭਾਵ ਘਟ ਸਕਦਾ ਹੈ।

### ਝੋਨੇ ਨੂੰ ਹਲਦੀ ਰੋਗ ਤੋਂ ਕਿਵੇਂ ਬਚਾਈਏ ?

ਖੇਤੀ ਮਾਹਰਾਂ ਮੁਤਾਬਕ ਹਲਦੀ ਰੋਗ ਵਾਇਰਸ ਇਸ ਸਾਲ ਹੀ ਨਹੀਂ ਸਗੋਂ ਹਰ ਸਾਲ ਇਸੇ ਤਰ੍ਹਾਂ ਹਮਲਾ ਕਰੇਗਾ। ਇਹ ਹਵਾ ਤੇ ਨਮੀ ਨਾਲ ਤੇਜ਼ੀ ਨਾਲ ਫੈਲਦਾ ਹੈ ਅਤੇ ਮਿੱਟੀ ਵਿੱਚ ਰਲ ਜਾਂਦਾ ਹੈ। ਜਦੋਂ ਦੁਬਾਰਾ ਝੋਨੇ ਦਾ ਸੀਜ਼ਨ ਆਵੇਗਾ ਤਾਂ ਇਹ ਮੁੜ ਹਮਲਾ ਕਰੇਗਾ ਇਸ ਲਈ ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਨਮੀ ਤੇ ਨਾਈਟਰੋਜਨ ਦੀ ਵਰਤੋਂ ਖੇਤੀਬਾੜੀ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਹੀ ਕਰਨ ਤਾਂ ਜੋ ਫ਼ਸਲ ਨੂੰ ਇਸ ਰੋਗ ਤੋਂ ਬਚਾਇਆ ਜਾ ਸਕੇ।

## ਇੰਜ ਘਟਾਇਆ ਜਾ ਸਕਦੈ ਹਮਲਾ

ਮੌਸਮ ਇਸ ਬਿਮਾਰੀ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ। ਝੋਨੇ ਦੇ ਸਿੱਟਿਆਂ ਦੇ ਗੋਭ ਵਿੱਚ ਹੋਣ ਸਮੇਂ ਉੱਲੀਨਾਸ਼ਕਾਂ ਦਾ ਸਮੇਂ

ਬਾਕੀ ਸਫਾ 6 'ਤੇ

### ਸਮੇਂ ਸਿਰ ਢੁੱਕਵੇਂ ਉਪਾਅ

ਹਲਦੀ ਰੋਗ ਝੋਨੇ ਦੀ ਫ਼ਸਲ ਉੱਤੇ ਮਾਰ ਕਰਦਾ ਹੈ ਤੇ ਇਹ ਤੇਜ਼ੀ ਨਾਲ ਫੈਲਦਾ ਹੈ। ਇਹ ਦਾਣਿਆਂ ਨੂੰ ਪ੍ਰਭਾਵਿਤ ਕਰਦਾ ਹੈ ਤੇ ਝੋਨੇ ਦੇ ਝਾੜ ਵਿੱਚ ਵੀ ਫ਼ਰਕ ਪਾਉਂਦਾ ਹੈ। ਇਸ ਬਿਮਾਰੀ ਕਾਰਨ ਦਾਣੇ ਸੁੰਗੜ ਜਾਂਦੇ ਹਨ, ਭਾਰ ਘਟਦਾ ਹੈ ਅਤੇ ਕਈ ਵਾਰ ਫ਼ਸਲ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਸਕਦਾ ਹੈ। ਸਮੇਂ ਸਿਰ ਢੁੱਕਵੇਂ ਉਪਾਅ ਕਰਨ ਨਾਲ ਫ਼ਸਲ ਦੇ ਨੁਕਸਾਨ ਨੂੰ ਰੋਕਣ ਵਿੱਚ ਮਦਦ ਮਿਲ ਸਕਦੀ ਹੈ।




# ਹੜ੍ਹ ਪ੍ਰਭਾਵਿਤ ਕਿਸਾਨਾਂ ਲਈ ਮਸੀਹਾ ਬਣਿਆ ਯੰਗ ਇਨੋਵੇਟਿਵ ਫਾਰਮਰਜ਼ ਗਰੁੱਪ ਗੁਰਦਾਸਪੁਰ

ਇਸ ਸਾਲ ਅਗਸਤ 2025 ਦੀ ਬਰਸਾਤ ਅਤੇ ਹੜ੍ਹਾਂ ਦੇ ਕਹਿਰ ਦੀ ਮਾਰ ਕਦੇ ਨਾ ਭੁੱਲਣ ਵਾਲਾ ਕੌੜਾ ਸੱਚ ਹੈ । ਪਹਾੜੀ ਖੇਤਰਾਂ ਵਿੱਚ ਲਗਾਤਾਰ ਪਏ ਮੀਂਹ ਅਤੇ ਡੈਮਾਂ ਤੋਂ ਛੱਡਿਆ ਗਿਆ ਪਾਣੀ ਗੁਰਦਾਸਪੁਰ ਜ਼ਿਲ੍ਹੇ ਵਿੱਚੋਂ ਲੰਘਦੇ ਦਰਿਆਵਾਂ (ਮੁੱਖ ਤੌਰ ਤੇ ਰਾਵੀ ਦਰਿਆ) ਦੇ ਬੰਨਾਂ ਨੂੰ ਤੋੜ ਕੇ ਨਾਲ ਲੱਗਦੇ ਪਿੰਡਾਂ ਵਿੱਚ ਕਹਿਰ ਢਾਹ ਗਿਆ । ਦਰਿਆਵਾਂ ਅਤੇ ਧੁੱਸੀਆਂ ਦੇ ਨੇੜੇ ਸਥਿਤ ਖੇਤਾਂ ਵਿੱਚ 3-4 ਫੁੱਟ ਰੇਤ ਚੜ੍ਹ ਗਈ ਅਤੇ ਪਾਣੀ ਵਿੱਚ ਡੁੱਬੇ ਰਹੇ ਝੋਨੇ, ਬਾਸਮਤੀ ਅਤੇ ਸਬਜ਼ੀਆਂ ਦੀਆਂ ਫ਼ਸਲਾਂ ਸਭ ਤੋਂ ਵੱਧ ਪ੍ਰਭਾਵਿਤ ਹੋਈਆਂ । ਇਨ੍ਹਾਂ ਜ਼ਮੀਨਾਂ ਨੂੰ ਸੁਧਾਰਨਾ, ਪੱਧਰੀਆਂ ਕਰ ਕੇ ਕਣਕ ਬੀਜਣ ਦੇ ਯੋਗ ਬਣਾਉਣਾ ਅਤੇ ਖਰਾਬ ਹੋਈਆਂ ਫ਼ਸਲਾਂ ਅਤੇ ਉਨ੍ਹਾਂ ਦਾ ਮਲਬਾ ਸੰਭਾਲਣਾ ਮੌਜੂਦਾ ਹਾਲਤਾਂ ਦੀ ਮੁੱਖ ਚੁਨੌਤੀ ਹੈ । ਹੜ੍ਹ ਪੀੜਤਾਂ ਦੀ ਮੱਦਦ ਲਈ ਜਿੱਥੇ ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਨੇ ਵੱਡਾ ਯੋਗਦਾਨ ਪਾਇਆ, ਉੱਥੇ ਕਿਸਾਨ ਭਾਈਚਾਰਾ ਵੀ ਹੜ੍ਹ ਪ੍ਰਭਾਵਿਤ ਖੇਤੀ ਨੂੰ ਬਹਾਲ ਕਰਨ ਵਿੱਚ ਅਹਿਮ ਰੋਲ ਅਦਾ ਕਰ ਰਿਹਾ ਹੈ ।

ਗੁਰਦਾਸਪੁਰ ਜ਼ਿਲ੍ਹੇ ਦੇ ਪ੍ਰਗਤੀਸ਼ੀਲ ਕਿਸਾਨਾਂ ਦਾ ਇੱਕ ਅਹਿਮ ਸੰਗਠਨ, ਜੋ ਕਿ ਯੰਗ ਇਨੋਵੇਟਿਵ ਫਾਰਮਰਜ਼ ਗਰੁੱਪ ਦੇ ਨਾਮ ਨਾਲ ਜਾਣਿਆ ਜਾਂਦਾ ਹੈ , ਨੇ ਬਲਾਕ ਡੇਰਾ ਬਾਬਾ ਨਾਨਕ ਵਿੱਚ 1200 ਏਕੜ ਰਕਬੇ (ਪੰਜ ਪਿੰਡਾਂ; ਰਣਸੀਕੇ ਤੱਲਾ, ਦਬੁਰਜੀ, ਬਰਿਆਰ, ਨਬੀ ਨਗਰ ਅਤੇ ਰਾਮਪੁਰ) ਵਿੱਚ ਹੜ੍ਹਾਂ ਦੀ ਮਾਰ ਹੇਠ ਆਈਆਂ ਜ਼ਮੀਨਾਂ ਨੂੰ ਕਣਕ ਬੀਜਣ ਦੇ ਯੋਗ ਬਣਾਉਣ, ਫ਼ਸਲੀ ਰਹਿੰਦ-ਖੂੰਹਦ ਨੂੰ ਸੰਭਾਲਣ, ਕਣਕ ਬੀਜਣ ਤੋਂ ਲੈ ਕੇ ਵੱਢਣ ਤੱਕ ਦੇ ਸਾਰੇ ਕੰਮ ਅਤੇ ਸਾਰੀਆਂ ਖੇਤੀ ਇਨਪੁਟਸ ਜਿਵੇਂ ਕਿ ਡੀਜ਼ਲ, ਬੀਜ, ਖਾਦ, ਦਵਾਈਆਂ ਅਤੇ ਮਸ਼ੀਨਰੀ ਉਪਲਬਧ ਕਰਾਉਣ ਦਾ ਬੀੜਾ ਚੁੱਕਿਆ ਹੈ । ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਆਲੇ-ਦੁਆਲੇ ਦੇ ਦਾਨੀ ਸੱਜਣ ਵੀ ਸੇਵਾ ਪਾ ਰਹੇ ਹਨ । ਸ. ਗੁਰਬਿੰਦਰ ਸਿੰਘ ਬਾਜਵਾ ਪਿੰਡ ਸਾਰਚੂਰ, ਸ. ਪਲਵਿੰਦਰ ਸਿੰਘ ਪਿੰਡ ਸਰਾਹੀ, ਸ. ਗੁਰਦਿਆਲ ਸਿੰਘ ਪਿੰਡ ਸੱਲੋਪੁਰ, ਸ. ਗੁਰਮੁੱਖ ਸਿੰਘ ਪਿੰਡ ਰੰਗੀਲਪੁਰ, ਸ. ਦਿਲਬਾਗ ਸਿੰਘ ਚੀਮਾ ਅਤੇ ਹੋਰ ਅਗਾਂਹਵਧੂ ਕਿਸਾਨ ਇਸ ਐਸੋਸੀਏਸ਼ਨ ਦੇ ਸਰਗਰਮ ਮੈਂਬਰ ਹਨ ਅਤੇ ਪਹਿਲਾਂ (ਸੰਨ 2014) ਤੋਂ ਹੀ ਜ਼ਿਲ੍ਹੇ ਵਿੱਚ ਵਾਤਾਵਰਨ ਪੱਖੀ ਖੇਤੀ ਤਕਨੀਕਾਂ ਨੂੰ ਅਪਣਾਉਂਦੇ ਹੋਏ ਆਪਣੇ ਸਾਥੀ ਕਿਸਾਨਾਂ ਲਈ ਰਾਹ ਦਸੇਰਾ ਹਨ । ਇਸ ਗਰੁੱਪ ਨੇ ਲੋਕ ਭਲਾਈ ਦੇ ਇਸ ਕੰਮ ਨੂੰ ਸਿਰੇ ਚੜ੍ਹਾਉਣ ਲਈ ਇੱਕ ਨਾਅਰਾ ਦਿੱਤਾ ਹੈ, "ਜਿਸ ਦਾ ਪਿੰਡ, ਉਸ ਦੀ ਹਿੰਡ" ਯਾਨਿ ਕਿ ਕਿਸਾਨ ਦੀ ਮਰਜ਼ੀ ਦੇ ਮੁਤਾਬਿਕ ਹੀ ਉਸ ਦੇ ਖੇਤ ਵਿੱਚ ਕੰਮ ਕੀਤਾ ਜਾਵੇਗਾ । ਜ਼ਮੀਨ ਦੇ ਹਾਲਾਤਾਂ ਨੂੰ ਵੇਖਦੇ ਹੋਏ ਝੋਨੇ ਦੀ ਪਰਾਲੀ ਅਤੇ ਖਰਾਬ ਹੋਈ ਫ਼ਸਲ ਨੂੰ ਵੱਖ-ਵੱਖ ਢੰਗਾਂ ਜਿਵੇਂ ਕਿ ਰੋਟਾਵੇਟਰ, ਤਵੀਆਂ, ਮਲਚਰ, ਕਟਰ ਫੇਰ ਕੇ ਬੇਲਰ ਨਾਲ ਗੰਢਾਂ ਬਣਾਉਣਾ ਆਦਿ ਨਾਲ ਸੰਭਾਲਿਆ ਜਾ ਰਿਹਾ ਹੈ ।

ਯੰਗ ਇਨੋਵੇਟਿਵ ਫਾਰਮਰਜ਼ ਗਰੁੱਪ ਆਪਣੇ ਮਿੱਥੇ ਟੀਚੇ ਨੂੰ ਪੂਰਾ ਕਰਨ ਲਈ ਦਿਨ-ਰਾਤ ਪੂਰੀ ਸ਼ਿੱਦਤ ਨਾਲ ਕੰਮ ਕਰ ਰਿਹਾ ਹੈ ਅਤੇ ਕੁੱਲ ਮਿਲਾ ਕੇ 3700 ਏਕੜ ਰਕਬੇ ਵਿੱਚ ਖੇਤੀਬਾੜੀ ਦੇ ਪੁਨਰਵਾਸ ਲਈ ਇਸ ਗਰੁੱਪ ਦੇ ਮੈਂਬਰਾਂ ਵਲੋਂ ਅਣਥੱਕ ਮਿਹਨਤ ਕੀਤੀ ਜਾ ਰਹੀ ਹੈ। ਯੰਗ ਇਨੋਵੇਟਿਵ ਫਾਰਮਰਜ਼ ਗਰੁੱਪ ਨੇ ਲੋੜ ਅਨੁਸਾਰ ਤਕਨੀਕੀ ਜਾਣਕਾਰੀ ਅਤੇ ਸਹਾਇਤਾ ਲੈਣ ਲਈ ਲਗਾਤਾਰ ਕ੍ਰਿਸ਼ੀ ਵਿਗਿਆਨ ਕੇਂਦਰ ਗੁਰਦਾਸਪੁਰ ਅਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਨਾਲ ਸੰਪਰਕ ਬਣਾਇਆ ਹੋਇਆ ਹੈ । ਇਸ ਮੰਤਵ ਨੂੰ ਮੁੱਖ ਰੱਖਦੇ ਹੋਏ ਪਿਛਲੇ ਦਿਨੀਂ ਮਿਤੀ 22.09.2025 ਨੂੰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਮਾਨਯੋਗ ਉੱਪ-ਕੁਲਪਤੀ ਡਾ. ਸਤਿਬੀਰ ਸਿੰਘ ਗੋਸਲ ਜੀ ਅਤੇ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਜੀ ਵਲੋਂ ਕ੍ਰਿਸ਼ੀ ਵਿਗਿਆਨ ਕੇਂਦਰ ਗੁਰਦਾਸਪੁਰ ਅਤੇ ਭੂਮੀ ਵਿਗਿਆਨ ਵਿਭਾਗ, ਲੁਧਿਆਣਾ ਦੇ ਸਾਇੰਸਦਾਨਾਂ ਸਹਿਤ ਇਨ੍ਹਾਂ ਗੋਦ ਲਏ ਪਿੰਡਾਂ ਦਾ ਦੌਰਾ ਕੀਤਾ ਗਿਆ । ਕ੍ਰਿਸ਼ੀ ਵਿਗਿਆਨ ਕੇਂਦਰ ਗੁਰਦਾਸਪੁਰ ਵੀ ਪ੍ਰਭਾਵਿਤ ਕਿਸਾਨਾਂ ਦੇ ਖੇਤੀਬਾੜੀ ਪੁਨਰਵਾਸ ਵਿੱਚ ਸੰਭਵ ਤਕਨੀਕੀ ਮੱਦਦ ਕਰਨ ਲਈ ਤਤਪਰ ਹੈ ਅਤੇ ਇਸ ਸੰਗਠਨ ਦੇ ਸ਼ਲਾਘਾ ਯੋਗ ਯਤਨਾਂ ਨੂੰ ਸਫ਼ਲ ਕਰਨ ਲਈ ਇਨ੍ਹਾਂ ਦੇ ਨਾਲ ਹੈ ।

ਸਾਨੂੰ ਮਾਣ ਹੈ ਇਨ੍ਹਾਂ ਕਿਸਾਨ ਭਰਾਵਾਂ ਤੇ ਜਿਹੜੇ ਸੰਗਠਨ ਦੇ ਰੂਪ ਵਿੱਚ ਖੇਤੀ ਕਰਦੇ ਹੋਏ ਖੇਤੀਬਾੜੀ ਸਟਾਰਟਅੱਪ (ਮਸ਼ੀਨਰੀ ਬੈਂਕ) ਅਤੇ ਖੇਤੀਬਾੜੀ ਨਾਲ ਸੰਬੰਧਿਤ ਹੋਰ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਵਾਤਾਵਰਨ ਪੱਖੀ, ਪਾਣੀ, ਸੰਭਾਲ, ਪ੍ਰਦੂਸ਼ਣ ਮੁਕਤ ਖੇਤੀ ਤਕਨੀਕਾਂ ਦਾ ਪਸਾਰ ਕਰਦੇ ਹਨ ।

**ਸਤਵਿੰਦਰਜੀਤ ਕੌਰ ਅਤੇ ਸਰਬਜੀਤ ਸਿੰਘ ਔਲਖ, ਪੀ.ਏ.ਯੂ. - ਕ੍ਰਿਸ਼ੀ ਵਿਗਿਆਨ ਕੇਂਦਰ, ਗੁਰਦਾਸਪੁਰ**
**ਮੋਬਾਇਲ : 88721-09167**

ਬਾਕੀ ਸਫਾ 5 ਦੀ

## ਹਲਦੀ ਰੋਗ ਪ੍ਰਭਾਵਿਤ ਖੇਤਾਂ ਦਾ...

ਸਿਰ ਛਿੜਕਾਅ ਕਰਕੇ ਇਸ ਰੋਗ ਤੇ ਕਾਬੂ ਪਾਇਆ ਜਾ ਸਕਦਾ ਹੈ। ਝੋਨੇ ਦੀ ਪਰਾਲੀ ਨੂੰ ਅੱਗ ਲਾ ਕੇ ਸਾੜਨ ਨਾਲ ਖੇਤ ਵਿੱਚ ਅਗਲੇ ਸਾਲ ਲਈ ਝੂਠੀ ਕਾਂਗਿਆਰੀ ਅਤੇ ਬੌਣੇ ਰੋਗ ਦੇ ਹਮਲੇ ਨੂੰ ਘਟਾਇਆ ਨਹੀਂ ਜਾ ਸਕਦਾ ਬਲਕਿ ਇਸ ਨਾਲ ਵਾਤਾਵਰਣ ਅਤੇ ਲਾਭਦਾਇਕ ਜੀਵਾਂ ਨੂੰ ਖ਼ਤਰਾ ਪੈਦਾ ਹੁੰਦਾ ਹੈ । ਇਸ ਕਾਰਨ ਕਿਸਾਨਾਂ ਨੂੰ ਸੁਝਾਅ ਦਿੱਤਾ ਜਾਂਦਾ ਹੈ ਕਿ ਝੋਨੇ ਦੀ ਫ਼ਸਲ ਦੀ ਪਰਾਲੀ ਦੀ ਰਹਿੰਦ-



ਖੂੰਹਦ ਨੂੰ ਖੇਤ ਵਿੱਚ ਹੀ ਰਲਾ ਦੇਣ ਜਾਂ ਖੇਤ ਨੂੰ ਡੂੰਘਾ ਵਾਹ ਦੇਣ, ਵੱਟਾਂ ਬੰਨੇ ਸਾਫ਼ ਰੱਖਣ ਅਤੇ ਇਨ੍ਹਾਂ ਬਿਮਾਰੀਆਂ ਦੀ ਰੋਕਥਾਮ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਿਸ਼ ਕੀਤੇ ਸਰਵਪੱਖੀ ਰੋਕਥਾਮ ਦੇ ਢੰਗ ਅਪਨਾਉਣ ।

### ਕਈ ਏਕੜ ਫ਼ਸਲ ਦਾ ਨੁਕਸਾਨ

ਬਠਿੰਡਾ ਵਿੱਚ ਇਸ ਰੋਗ ਦੀ ਵੱਡੀ ਮਾਰ ਪਈ ਹੈ। ਕਿਸਾਨਾਂ ਮੁਤਾਬਕ ਪੰਜਾਬ ਸਰਕਾਰ ਵੱਲੋਂ ਸਿਫ਼ਾਰਿਸ਼ ਕੀਤੇ ਮਿਆਰੀ ਬੀਜ ਖ਼ਰੀਦ ਕੇ ਉਨ੍ਹਾਂ ਨੇ ਝੋਨੇ ਦੀ ਬਿਜਾਈ ਕੀਤੀ ਸੀ। ਇਸ ਤੋਂ ਇਲਾਵਾ ਖੇਤੀਬਾੜੀ ਵਿਭਾਗ ਦੇ ਮੁਤਾਬਕ ਕੀਟਨਾਸ਼ਕ ਵਰਤੇ ਪਰ ਫਿਰ ਵੀ ਇਸ ਰੋਗ ਨੇ ਵੱਡਾ ਨੁਕਸਾਨ ਕੀਤਾ ਹੈ। ਹਲਦੀ ਰੋਗ ਕਾਰਨ ਇੱਥੇ 50 ਫ਼ੀਸਦੀ ਝੋਨਾ ਬਰਬਾਦ ਹੋ ਗਿਆ ਹੈ । ਇਸ ਤੋਂ ਇਲਾਵਾ ਝਾੜ ਤੇ ਖੇਤੀ ਦੀ ਗੁਣਵੱਤਾ ਘਟਣ ਦਾ ਵੀ ਖ਼ਦਸ਼ਾ ਹੈ ।

ਕਿਸਾਨਾਂ ਮੁਤਾਬਕ ਇਹ ਰੋਗ ਤੇਜ਼ੀ ਨਾਲ ਫੈਲ ਰਿਹਾ ਹੈ ਤੇ ਇੱਕ ਖੇਤ ਤੋਂ ਦੂਜੇ ਖੇਤ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੇ ਹਨ । ਇਸ ਰੋਗ ਨੇ ਉਸ ਸਮੇਂ ਹਮਲਾ ਕੀਤਾ ਹੈ ਜਦੋਂ ਝੋਨਾ ਦੇ ਨਿਸਰਨ ਦਾ ਸਮਾਂ ਸੀ । ਹੁਣ ਹਲਦੀ ਰੋਗ ਕਾਰਨ ਨਿਸਰਨ ਦੀ ਥਾਂ ਦਾਣਿਆਂ ਉੱਪਰ ਡੋਡੀਆਂ ਬਣ ਗਈਆਂ ਹਨ, ਜਿਸ ਵਿੱਚੋਂ ਹਲਦੀ ਵਰਗਾ ਪਾਊਡਰ ਨਿਕਲ ਰਿਹਾ ਹੈ ।

### ਅਸਰ ਨਹੀਂ ਕਰ ਰਹੀ ਦਵਾਈ

ਕਈ ਕਿਸਾਨਾਂ ਦਾ ਕਹਿਣਾ ਹੈ ਕਿ ਕੰਪਨੀਆਂ ਵਾਲੇ ਆਉਂਦੇ ਹਨ ਅਤੇ ਆਪਣੀ ਮਸ਼ਹੂਰੀ ਕਰਕੇ ਚਲੇ ਜਾਂਦੇ ਹਨ । ਇਸ ਹਲਦੀ ਰੋਗ ਉੱਤੇ ਕੋਈ ਵੀ ਦਵਾਈ ਅਸਰ ਨਹੀਂ ਕਰ ਰਹੀ ਹੈ । ਬਹੁਤ ਸਾਰੀਆਂ ਦਵਾਈਆਂ ਦਾ ਛਿੜਕਾਅ ਕਰਕੇ ਵੀ ਦੇਖ ਲਿਆ ਹੈ ।

ਦੂਜੇ ਪਾਸੇ ਇਸ ਰੋਗ ਤੋਂ ਪੀੜਤ ਕਿਸਾਨਾਂ ਨੇ ਕਿਹਾ ਕਿ ਇੱਕ ਪਾਸੇ ਸਰਕਾਰ ਵੱਲੋਂ ਕੁਝ ਖ਼ਾਸ ਕਿਸਮ ਦੇ ਝੋਨੇ ਦੀ ਬਿਜਾਈ ਕਰਨ ਦੀ ਹਦਾਇਤ ਕੀਤੀ ਗਈ ਸੀ ਪਰ ਦੂਜੇ ਪਾਸੇ ਇਨ੍ਹਾਂ ਹਦਾਇਤਾਂ ਦੇ ਬਾਵਜੂਦ ਵੱਖ-ਵੱਖ ਤਰ੍ਹਾਂ ਦੇ ਵਾਇਰਸ ਝੋਨੇ ਦੀ ਫ਼ਸਲ ਨੂੰ ਖ਼ਰਾਬ ਕਰ ਰਹੇ ਹਨ ਜਿਸ ਕਾਰਨ ਕਿਸਾਨਾਂ ਨੂੰ ਵੱਡਾ ਆਰਥਿਕ ਨੁਕਸਾਨ ਝੱਲਣਾ ਪੈ ਰਿਹਾ ਹੈ । ਕਿਸਾਨਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਹਲਦੀ ਰੋਗ ਕਾਰਨ ਬਰਬਾਦ ਹੋਈਆਂ ਫ਼ਸਲਾਂ ਦਾ ਮੁਆਵਜ਼ਾ ਸਮੇਂ ਸਿਰ ਦਿੱਤਾ ਜਾਵੇ ਕਿਉਂਕਿ ਕਿਸਾਨਾਂ ਦੀਆਂ 30 ਤੋਂ 50 ਫ਼ੀਸਦੀ ਤੱਕ ਫ਼ਸਲਾਂ ਹਲਦੀ ਰੋਗ ਕਾਰਨ ਬਰਬਾਦ ਹੋ ਚੁੱਕੀਆਂ ਹਨ ।

### ਨਮੀਂ ਕਰਦੀ ਹੈ ਜ਼ਿਆਦਾ ਪ੍ਰਭਾਵਿਤ

ਇਸ ਰੋਗ ਦੇ ਹੁਣ ਤੱਕ ਹੋਏ ਨੁਕਸਾਨ ਬਾਰੇ ਖੇਤੀ ਮਾਹਰ ਦੱਸਦੇ ਹਨ ਕਿ ਪੰਜਾਬ ਵਿੱਚ ਹਲਦੀ ਰੋਗ ਕਾਰਨ ਝੋਨੇ ਦੀ ਫ਼ਸਲ ਪ੍ਰਭਾਵਿਤ ਹੋਈ ਹੈ । ਇਕੱਲੇ ਲੁਧਿਆਣਾ ਵਿੱਚ ਵੀ 1000 ਏਕੜ ਝੋਨੇ ਦੀ ਫ਼ਸਲ ਨੂੰ ਨੁਕਸਾਨ ਪੁੱਜਾ ਹੈ ।

ਮਾਨਸੂਨ ਦੌਰਾਨ ਲੋੜ ਤੋਂ ਜ਼ਿਆਦਾ ਹੋਈਆਂ ਬਰਸਾਤਾਂ ਅਤੇ ਮੌਸਮ ਵਿੱਚ ਨਮੀ ਹੋਣ ਦੇ ਚੱਲਦਿਆਂ ਫ਼ਸਲ ਨੂੰ ਇਹ ਰੋਗ ਜ਼ਿਆਦਾ ਪ੍ਰਭਾਵਿਤ ਕਰ ਰਿਹਾ ਹੈ। ਬੇਸ਼ਕ ਪਿਛਲੇ ਸਾਲਾਂ ਵਿੱਚ ਵੀ ਇਹ ਬਿਮਾਰੀ ਦੇਖਣ ਨੂੰ ਮਿਲਦੀ ਸੀ ਪਰ ਇਸ ਵਾਰ ਜ਼ਿਆਦਾ ਮੀਂਹਾਂ ਕਾਰਨ ਅਤੇ ਮੌਸਮ ਵਿੱਚ ਨਮੀਂ ਕਾਰਨ ਹਜ਼ਾਰਾਂ ਏਕੜ ਫ਼ਸਲ ਇਸ ਰੋਗ ਤੋਂ ਪ੍ਰਭਾਵਿਤ ਹੋਈ ਹੈ ।

ਬਾਕੀ ਸਫਾ 3 ਦੀ

## ਕਿਵੇਂ ਕਰੀਏ ਆਲੂਆਂ ਦੀ ਸਫ਼ਲ ਕਾਸ਼ਤ

ਅਤੇ ਅਗੇਤੇ ਝੁਲਸ ਰੋਗ ਅਤੇ ਪੱਤਾ ਮਰੋੜ ਰੋਗ ਦੀ ਰੋਧਕ ਹੈ । ਇਸੇ ਤਰ੍ਹਾਂ ਕੁਫ਼ਰੀ ਚਮਤਕਾਰ ਆਲੂਆਂ ਦੀ ਕਿਸਮ ਦੇ ਪੌਦੇ ਦਰਮਿਆਨੇ ਕੱਦ ਦੇ ਫੈਲਣ ਵਾਲੇ ਅਤੇ ਜ਼ਿਆਦਾ ਤਣਿਆਂ ਵਾਲੇ ਹੁੰਦੇ ਹਨ । ਇਹ ਕਿਸਮ ਮੈਦਾਨੀ ਇਲਾਕਿਆਂ ਵਿੱਚ 110-120 ਦਿਨਾਂ ਵਿੱਚ ਤੇ ਪਹਾੜੀ ਇਲਾਕਿਆਂ ਵਿੱਚ 150 ਦਿਨਾਂ ਵਿੱਚ ਪੱਕਦੀ ਹੈ । ਇਸ ਕਿਸਮ ਦੇ ਆਲੂ



ਗੋਲਾਕਾਰ ਅਤੇ ਹਲਕੇ ਪੀਲੇ ਰੰਗ ਦੇ ਹੁੰਦੇ ਹਨ । ਮੈਦਾਨੀ ਇਲਾਕਿਆਂ ਵਿੱਚ ਇਸਦਾ ਔਸਤਨ ਝਾੜ 100 ਕੁਇੰਟਲ ਤੇ ਪਹਾੜੀ ਇਲਾਕਿਆਂ ਵਿੱਚ 30 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ । ਇਹ ਪਿਛੇਤੇ ਝੁਲਸ ਰੋਗ, ਗਲਣ ਰੋਗ ਤੇ ਸੋਕੇ ਦੀ ਰੋਧਕ ਕਿਸਮ ਹੈ। ਜਦਕਿ ਕੁਫ਼ਰੀ ਚਿਪਸੋਨਾ ਆਲੂ ਦੀ ਕਿਸਮ ਦੇ ਪੌਦੇ ਦਰਮਿਆਨੇ ਕੱਦ ਦੇ ਤੇ ਘੱਟ ਤਣਿਆਂ ਵਾਲੇ ਹੁੰਦੇ ਹਨ । ਇਸਦੇ ਪੱਤੇ ਗੂੜ੍ਹੇ ਹਰੇ ਤੇ ਫੁੱਲ ਚਿੱਟੇ ਰੰਗ ਦੇ ਹੁੰਦੇ ਹਨ । ਇਸ ਕਿਸਮ ਦੇ ਆਲੂ ਦਰਮਿਆਨੇ ਆਕਾਰ ਦੇ, ਗੋਲਾਕਾਰ, ਅੰਡਾਕਾਰ ਤੇ ਨਰਮ ਹੁੰਦੇ ਹਨ । ਇਸ ਕਿਸਮ ਦਾ ਔਸਤਨ ਝਾੜ 140 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ । ਇਹ ਪਿਛੇਤੇ ਝੁਲਸ ਰੋਗ ਦੀ ਰੋਧਕ ਕਿਸਮ ਹੈ । ਇਹ ਕਿਸਮ ਚਿਪਸ ਤੇ ਫਰੈਂਚ ਫਰਾਈਜ਼ ਬਣਾਉਣ ਲਈ ਉੱਚਿਤ ਹੈ । ਆਲੂ ਦੀ ਕੁਫ਼ਰੀ ਚੰਦਰਮੁਖੀ ਕਿਸਮ ਦੇ ਪੌਦੇ ਦਰਮਿਆਨੇ ਹੁੰਦੇ ਹਨ। ਆਲੂ ਅੰਡਾਕਾਰ, ਚਿੱਟੇ ਤੇ ਹਲਕੇ ਚਿੱਟੇ ਰੰਗ ਦੇ ਗੁੱਦੇ ਵਾਲੇ ਹੁੰਦੇ ਹਨ। ਇਹ ਕਿਸਮ ਵੱਧ ਸਮੇਂ ਲਈ ਸਟੋਰ ਕਰਕੇ ਰੱਖੀ ਜਾ ਸਕਦੀ ਹੈ । ਇਹ ਕਿਸਮ ਮੈਦਾਨੀ ਇਲਾਕਿਆਂ ਵਿੱਚ 80-90 ਦਿਨਾਂ ਦੇ ਪਹਾੜੀ ਇਲਾਕਿਆਂ ਵਿੱਚ 120 ਦਿਨਾਂ ਵਿੱਚ ਪੱਕਦੀ ਹੈ । ਮੈਦਾਨੀ ਇਲਾਕਿਆਂ ਵਿੱਚ ਇਸਦਾ ਔਸਤਨ ਭਾਰ 100 ਕੁਇੰਟਲ ਤੇ ਪਹਾੜੀ ਇਲਾਕਿਆਂ ਵਿੱਚ 30 ਕੁਇੰਟਲ ਪ੍ਰਤੀ ਏਕੜ ਹੈ । ਇਹ ਪਿਛੇਤੇ ਝੁਲਸ ਰੋਗ, ਗਲਣ ਰੋਗ ਤੇ ਸੋਕੇ ਦੀ ਰੋਧਕ ਕਿਸਮ ਹੈ। ਇੱਕ ਹੋਰ ਕਿਸਮ ਕੁਫਰੀ ਪੁਖਰਾਜ ਦੇ ਬੂਟੇ ਲੰਬੇ ਅਤੇ ਤਣੇ ਸੰਖਿਆ ਵਿੱਚ ਘੱਟ ਤੇ ਦਰਮਿਆਨੇ ਮੋਟੇ ਹੁੰਦੇ ਹਨ । ਆਲੂ ਚਿੱਟੇ ਵੱਡੇ, ਗੋਲਾਕਾਰ ਤੇ ਨਰਮ ਛਿਲਕੇ ਵਾਲੇ ਹੁੰਦੇ ਹਨ। ਇਹ ਕਿਸਮ 70-90 ਦਿਨਾਂ ਵਿੱਚ ਪੱਕਦੀ ਹੈ। ਇਸਦਾ ਔਸਤਨ ਝਾੜ 160 ਕੁਇੰਟਲ ਪ੍ਰਤੀ ਏਕੜ ਹੈ । ਇਹ ਅਗੇਤੇ ਝੁਲਸ ਰੋਗ ਦੀ ਰੋਧਕ ਕਿਸਮ ਹੈ ਅਤੇ ਨਵੇਂ ਉਤਪਾਦ ਬਣਾਉਣ ਲਈ ਉੱਚਿਤ ਨਹੀਂ ਹੈ ।

### ਖੇਤੀ ਦੀ ਤਿਆਰੀ

ਆਲੂ ਦੀ ਖੇਤੀ ਤਿਆਰ ਕਰਨ ਲਈ ਕਈ ਤਰ੍ਹਾਂ ਦਾ ਧਿਆਨ ਰੱਖਣ ਦੀ ਲੋੜ ਹੈ। ਇਸ ਲਈ ਖੇਤ ਨੂੰ ਇੱਕ ਵਾਰ 20-25 ਸੈਮੀ. ਡੂੰਘਾ ਵਾਹ ਕੇ ਵਧੀਆ ਤਰੀਕੇ ਨਾਲ ਬੈੱਡ ਤਿਆਰ ਕਰ ਲਓ । ਖੇਤ ਦੀ ਵਾਹੀ ਤੋਂ ਬਾਅਦ 2-3 ਵਾਰ ਤਵੀਆ ਫੇਰੋ ਤੇ ਫਿਰ 2-3 ਵਾਰ ਸੁਹਾਗਾ ਫੇਰੋ । ਬਿਜਾਈ ਤੋਂ ਪਹਿਲਾਂ ਖੇਤ ਵਿੱਚ ਨਮੀ ਦੀ ਮਾਤਰਾ ਬਣਾ ਕੇ ਰੱਖੋ । ਬਿਜਾਈ ਲਈ ਦੋ ਢੰਗ ਮੁੱਖ ਤੌਰ ਤੇ ਵਰਤੇ ਜਾਂਦੇ ਹਨ । ਇਸ ਅਨੁਸਾਰ ਵੱਟਾਂ ਅਤੇ ਖਾਈਆਂ ਵਾਲਾ ਢੰਗ ਤੇ ਪੱਧਰੇ ਬੈੱਡਾਂ ਵਾਲਾ ਢੰਗ ਵਰਤਿਆ ਜਾਂਦਾ ਹੈ ।

### ਬਿਜਾਈ ਦਾ ਤਰੀਕਾ

ਆਲੂਆਂ ਵਿਚਕਾਰ 20 ਸੈ.ਮੀ. ਤੇ ਵੱਟਾਂ ਵਿੱਚ 60 ਸੈ.ਮੀ. ਦਾ ਫ਼ਾਸਲਾ ਹੱਥੀਂ ਜਾਂ ਮਕੈਨੀਕਲ ਤਰੀਕੇ ਨਾਲ ਰੱਖੋ । ਫ਼ਾਸਲਾ ਆਲੂਆਂ ਦੇ ਆਕਾਰ ਅਨੁਸਾਰ ਬਦਲਦਾ ਰਹਿੰਦਾ ਹੈ । ਜੇਕਰ ਆਲੂ ਦਾ ਵਿਆਸ 2.5-3.0 ਸੈ.ਮੀ. ਹੋਵੇ ਤਾਂ ਫ਼ਾਸਲਾ 60×15 ਸੈ.ਮੀ. ਤੇ ਜੇਕਰ ਆਲੂ ਦਾ ਵਿਆਸ 5-6 ਸੈਂ. ਮੀ. ਹੋਵੇ ਤਾਂ ਫ਼ਾਸਲਾ 60×40 ਸੈਂ. ਮੀ. ਹੋਣਾ ਚਾਹੀਦਾ ਹੈ । ਇਸਦੇ ਨਾਲ ਹੀ 6-8 ਇੰਚ ਡੂੰਘੀ ਖਾਈ ਪੁੱਟ ਕੇ ਇਨ੍ਹਾਂ ਵਿੱਚ ਆਲੂ ਰੱਖਿਆ ਜਾਵੇ ਤੇ ਥੋੜ੍ਹਾ ਜਿਹਾ ਜ਼ਮੀਨ ਤੋਂ ਬਾਹਰ ਰਹਿਣ ਦੇਣਾ ਚਾਹੀਦਾ ਹੈ। ਬੀਜ ਦੇ ਤੌਰ ਤੇ ਦਰਮਿਆਨੇ ਆਕਾਰ ਵਾਲੇ ਆਲੂ, ਜਿਨ੍ਹਾਂ ਦਾ ਭਾਰ 25-125 ਗ੍ਰਾਮ ਹੋਵੇ, ਵਰਤਿਆ ਜਾਵੇ । ਬਿਜਾਈ ਤੋਂ ਪਹਿਲਾਂ ਆਲੂਆਂ ਨੂੰ ਕੋਲਡ ਸਟੋਰ ਤੋਂ ਕੱਢ ਕੇ 1-2 ਹਫ਼ਤਿਆਂ ਲਈ ਛਾਂ ਵਾਲੀ ਥਾਂ ਤੇ ਰੱਖਿਆ ਜਾਵੇ ਤਾਂ ਜੋ ਉਹ ਪੁੰਗਰ ਜਾਣ । ਆਲੂਆਂ ਦੇ ਸਹੀ ਪੁੰਗਰਨ ਲਈ ਉਨ੍ਹਾਂ ਨੂੰ ਜਿਬਰੈਲਿਕ ਐਸਿਡ 1 ਗ੍ਰਾਮ ਪ੍ਰਤੀ 10 ਲੀਟਰ ਪਾਣੀ ਵਿੱਚ ਮਿਲਾ ਕੇ ਇੱਕ ਘੰਟੇ ਲਈ ਸੋਧੋ । ਫਿਰ ਛਾਵੇਂ ਸੁਕਾਓ ਤੇ 10 ਦਿਨਾਂ ਲਈ ਹਵਾਦਾਰ ਕਮਰੇ ਵਿੱਚ ਰੱਖੋ। ਫਿਰ ਕੱਟ ਕੇ ਆਲੂਆਂ ਨੂੰ ਮੈਨਕੋਜ਼ੇਬ 0.5% ਘੋਲ (5 ਗ੍ਰਾਮ ਪ੍ਰਤੀ ਲੀਟਰ ਪਾਣੀ) ਵਿੱਚ 10 ਮਿੰਟਾਂ ਲਈ ਡੋਬੋ । ਇਸ ਨਾਲ ਆਲੂਆਂ ਨੂੰ ਸ਼ੁਰੂਆਤੀ ਸਮੇਂ ਵਿੱਚ ਗਲਣ ਤੋਂ ਬਚਾਇਆ ਜਾ ਸਕਦਾ ਹੈ । ਆਲੂਆਂ ਨੂੰ ਗਲਣ ਤੇ ਜੜ੍ਹਾਂ ਵਿੱਚ ਕਾਲਾਪਨ ਰੋਗ ਤੋਂ ਬਚਾਉਣ ਲਈ ਸਾਬਤੇ ਤੇ ਕੱਟੇ ਹੋਏ ਆਲੂਆਂ ਨੂੰ 6% ਮਰਕਰੀ ਦੇ ਘੋਲ 0.25% (25 ਗ੍ਰਾਮ ਪ੍ਰਤੀ ਲੀਟਰ ਪਾਣੀ) ਵਿੱਚ ਪਾ ਦਿਓ ।

### ਸਿੰਚਾਈ

ਖੇਤ ਵਿੱਚ ਨਮੀ ਦੇ ਅਨੁਸਾਰ ਬਿਜਾਈ ਤੋਂ ਤੁਰੰਤ ਬਾਅਦ ਜਾਂ 2-3 ਦਿਨ ਬਾਅਦ ਸਿੰਚਾਈ ਕੀਤੀ ਜਾਣੀ ਚਾਹੀਦੀ ਹੈ । ਸਿੰਚਾਈ ਹਲਕੀ ਕਰੋ । ਦਰਮਿਆਨੀ ਤੋਂ ਭਾਰੀ ਜ਼ਮੀਨ ਵਿੱਚ 3-4 ਸਿੰਚਾਈਆਂ ਤੇ ਰੇਤਲੀਆਂ ਜ਼ਮੀਨਾਂ ਵਿੱਚ 8-12 ਸਿੰਚਾਈਆਂ ਦੀ ਲੋੜ ਹੁੰਦੀ ਹੈ। ਦੂਜੀ ਸਿੰਚਾਈ ਮਿੱਟੀ ਦੀ ਨਮੀ ਅਨੁਸਾਰ ਬਿਜਾਈ ਤੋਂ 30-35 ਦਿਨ ਬਾਅਦ ਕਰੋ। ਬਾਕੀ ਦੀਆਂ ਸਿੰਚਾਈਆਂ ਜ਼ਮੀਨ ਦੀ ਨਮੀ ਤੇ ਫ਼ਸਲ ਦੀ ਲੋੜ ਅਨੁਸਾਰ ਕਰੋ। ਕਟਾਈ ਤੋਂ 10-12 ਦਿਨ ਪਹਿਲਾਂ ਸਿੰਚਾਈ ਕਰਨਾ ਬੰਦ ਕਰ ਦਿਓ ।

# ਰੇਗਿਸਤਾਨ ਬਣਦਾ ਜਾ ਰਿਹੈ ਪੰਜਾਬ

## ਜੇ ਅਗਲੀਆਂ ਬਰਸਾਤਾਂ ਤੋਂ ਪਹਿਲਾਂ ਲੋੜੀਂਦੇ ਪ੍ਰਬੰਧ ਨਾ ਹੋਏ ਤਾਂ ਇਤਿਹਾਸ ਵਿੱਚ ਪੰਜਾਬ ਦਾ ਹਸ਼ਰ ਸਿਧ ਘਾਟੀ ਦੀ ਸਭਿਅਤਾ ਵਾਲਾ ਹੋਵੇਗਾ

**ਪਿਛਲੇ, 62 ਸਾਲਾਂ ਤੋਂ ਜਿਸ ਭਾਖੜਾ ਡੈਮ ਵਿੱਚ ਗਾਰ ਜੰਮਦੀ ਆ ਰਹੀ ਹੋਵੇ, ਜਿਸ ਦੀ ਸਮਰੱਥਾ 25 ਫੁੱਟ ਤੱਕ ਨਿਗਲੀ ਜਾ ਚੁੱਕੀ ਹੋਵੇ, ਉਹ ਹਿਮਾਚਲ ਤੋਂ ਆ ਰਹੇ ਬੇਹਿਸਾਬ ਪਾਣੀ ਨੂੰ ਕਿੰਨਾ ਕੁ ਜਜ਼ਬ ਕਰ ਸਕਦਾ ਸੀ ? ਪਰੋਟੋਕਾਲ ਅਨੁਸਾਰ, ਛੱਡਿਆ ਪਾਣੀ ਕਿਸ-ਕਿਸ ਨੂੰ ਡੋਬਦਾ ਹੈ, ਇਹ ਕੋਈ ਨਹੀਂ ਵਿਚਾਰਦਾ । ਇੱਕ ਡੈਮ ਤੋਂ ਦੂਜੇ ਹੈਡਵਰਕਸ ਤੱਕ ਛੱਡਿਆ ਪਾਣੀ, ਮਿੱਟੀ ਵੀ ਖੋਰਦਾ ਤੁਰਿਆ ਜਾਂਦਾ ਹੈ, ਸਪੀਡ ਘੱਟਣ ਤੇ, ਇਹ ਪਾਣੀ, ਮਿੱਟੀ ਦੀ ਗਾਰ ਉੱਥੋਂ ਹੀ ਛੱਡ ਦਿੰਦਾ ਹੈ । ਜਮ੍ਹਾਂ ਹੋਈ ਇਸ ਮਿੱਟੀ ਨੇ ਧੁੱਸੀਆਂ ਤੋੜੀਆਂ । ਜ਼ਿਕਰਯੋਗ ਹੈ ਕਿ ਪਹਿਲੇ ਸਮਿਆਂ ਦੇ ਮੁਕਾਬਲਤਨ ਹੁਣ ਡੇਢ ਲੱਖ ਕਿਊਸਕ ਪਾਣੀ ਵੀ ਸਤਲੁਜ ਤੇ ਬਿਆਸ ਖੇਤਰਾਂ ਵਿੱਚ ਪਰਲੋ ਲਿਆ ਦਿੰਦਾ ਹੈ । ਇਸ ਤਬਾਹੀ ਉਪਰੰਤ, ਹੁਣ ਜੋ ਕੁੱਝ ਤੁਰੰਤ ਕਰਨ ਦੀ ਲੋੜ ਹੈ, ਉਸ ਅਨੁਸਾਰ : 1) ਦਰਿਆਈ ਤਲਾਂ ਦੀ ਸਫ਼ਾਈ ਭਾਵ ਗਾਰ ਕੱਢੀ ਜਾਵੇ । 2) ਧੁੱਸੀ ਬੰਨ੍ਹਾਂ ਨੂੰ ਮਜ਼ਬੂਤ ਕੀਤਾ ਜਾਵੇ । 3) ਪਰੋਟੋਕੋਲਾਂ ਦਾ ਪੁਨਰ ਮੁਲਾਂਕਣ ਹੋਵੇ । 4) ਦਰਿਆਵਾਂ ਦੇ ਕੰਢਿਆਂ 'ਤੇ ਸਫ਼ੇਦੇ ਤੇ ਪਾਪੂਲਰ ਦੀ ਖੇਤੀ 'ਤੇ ਮੁਕੰਮਲ ਰੋਕ ਲਾਈ ਜਾਵੇ । 5) ਭਾਖੜਾ ਬਿਆਸ ਪ੍ਰਬੰਧਨ ਹਰਿਆਣਾ ਤੇ ਰਾਜਸਥਾਨ ਨੂੰ ਪਾਣੀ ਬਦਲੇ ਰਕਮ ਵਸੂਲਦਾ ਹੈ । ਹੇਠਾਂ ਵਗਦੇ ਪਾਣੀ ਦੀ ਸਾਂਭ ਸੰਭਾਲ ਵੀ ਡੈਮਾਂ ਦੇ ਰੱਖ-ਰਖਾਅ ਦਾ ਹੀ ਹਿੱਸਾ ਹੈ । ਦੋਵਾਂ ਰਾਜਾਂ ਤੇ ਸੈੱਸ ਲਾ ਕੇ ਇਹ ਰਕਮ ਪੰਜਾਬ ਸਰਕਾਰ ਨੂੰ ਦਰਿਆਈ ਪਾਣੀਆਂ ਦੀ ਸਾਂਭ ਸੰਭਾਲ ਲਈ ਮੁਹੱਈਆ ਕਰਵਾਈ ਜਾਵੇ ।**

ਕੁਲਵੰਤ ਕੌਰ (ਡਾ.)
ਮੋ. 98156-20515

ਰੇਤਾ ਫੋਲ-ਫੋਲ ਕੇ, ਬੇਹਾਲ ਹੋਏ ਬਦਨਸੀਬ ਕਿਸਾਨ ਦੀ ਉਹ ਫ਼ੋਟੋ, ਅਖਬਾਰਾਂ ਵਿੱਚ ਦੇਖ ਕੇ ਕਲੇਜਾ ਮੂੰਹ ਨੂੰ ਆ ਗਿਆ ਜਿੱਥੇ ਉਹ ਮੁਸ਼ਕਲ ਨਾਲ ਲੱਭੇ ਆਪਣੇ ਖੇਤ ਦੀ ਰੇਤ ਵਿੱਚ ਧੱਸਿਆ, ਆਪਣੀ ਮਾਂ ਵਰਗੀ ਹਰੀ ਭਰੀ ਪੈਲੀ ਲੱਭ ਰਿਹਾ ਸੀ । ਜਿੱਥੇ ਕੁੱਝ ਸਮਾਂ ਪਹਿਲਾਂ, ਲਹਿਲਹਾਉਂਦੀ ਜੀਰੀ ਦਾ ਸਰਸਬਜ਼ ਦ੍ਰਿਸ਼ ਸੀ, ਜਿੱਥੇ ਉਸ ਨੇ ਵਧੀਆ ਫ਼ਸਲ ਲੱਗਣ ਉਪ੍ਰੰਤ, ਸੌ-ਸੌ ਰੀਝਾਂ ਦੀ ਪੂਰਤੀ ਲੋਚੀ ਸੀ । ਅੱਜ, ਦੂਰ-ਦੂਰ ਤਕ, ਇੱਕ ਸੰਨਾਟਾ ਸੀ, ਮੌਤ ਜਿਹੀ ਖਾਮੋਸ਼ੀ ਤੇ ਉਸ ਦੇ ਸਾਰੇ ਗਿਰਾਈ ਵੀ ਹੜ੍ਹਾਂ ਨਾਲ ਖੇਤਾਂ ਵਿੱਚ ਵਿਛੀ ਰੇਤ ਵਿੱਚੋਂ ਆਪੋ-ਆਪਣੇ ਖੇਤ ਲੱਭ ਰਹੇ ਸਨ-ਉਹ ਖੇਤ ਜੋ ਉਨ੍ਹਾਂ ਦੀ ਤੇ ਉਨ੍ਹਾਂ ਦੇ ਪ੍ਰਵਾਰਾਂ ਦੀ ਜਿੰਦ ਜਾਨ ਸਨ ਪਰ ਇਹ ਕੀ ਭਾਣਾ ਵਾਪਰਿਆ ਕਿ ਪੰਜਾਬ ਦੀਆਂ ਹਰਿਆਵਲਾਂ ਅੱਜ ਰੇਗਿਸਤਾਨ ਦੇ ਦ੍ਰਿਸ਼ਾਂ ਵਿੱਚ ਬਦਲ ਗਈਆਂ ਸਨ- ਕੁੱਝ ਕੁ ਦਿਨਾਂ ਵਿੱਚ, ਕੁੱਝ ਕੁ ਹਫ਼ਤਿਆਂ ਵਿੱਚ । ਜਾ ਖੁਦਾਇਆ ! ਇਹ ਕੇਹਾ ਮੰਜ਼ਰ ਹੈ !! ਕੇਹੀ ਖ਼ੌਫਨਾਕ ਝਾਕੀ !! ਸਾਰਾ ਵਜੂਦ ਝੁਲਸਦਾ ਜਾ ਰਿਹਾ ਹੈ । ਮੱਥੇ 'ਤੇ ਤਰੇਲੀਆਂ ਆ ਰਹੀਆਂ ਹਨ- ਪੰਜਾਬ ਦੇ ਸਰਬਨਾਸ਼ ਨੂੰ ਸਾਹਮਣੇ ਤਕਦਿਆਂ, ਰੂਹ ਪੱਛੀ ਜਾ ਰਹੀ ਹੈ ।



ਦੂਜਾ ਦ੍ਰਿਸ਼ ਉਸ ਨੌਜਵਾਨ ਦੇ ਹਸਪਤਾਲ ਵਿੱਚ ਲੱਗੇ ਗਲੂਕੋਸ ਦਾ ਹੈ ਜਿਹੜਾ ਠੇਕੇ 'ਤੇ ਲਈ ਸੋਲਾਂ ਏਕੜ ਜ਼ੀਰੀ ਦੇ ਤਬਾਹ ਹੋ ਜਾਣ ਕਾਰਨ, ਸਲਫਾਸ ਦੀਆਂ ਢੇਰ ਸਾਰੀਆਂ ਖੋਲੀਆਂ ਖਾ ਕੇ ਵੀ ਮਰਿਆ ਨਹੀਂ । (ਸ਼ਾਇਦ ਅਜੇ ਬਰਬਾਦੀ ਦੀ ਹੋਰ ਸਿੱਖ਼ਰ ਤੱਕਣੀ ਹੋਵੇਗੀ ਉਸ ਨੇ) ਕੋਲ ਬੈਠਾ ਨਿੰਮੋਝੂਣਾ ਬਾਪ ਅੰਤਰ-ਵੇਦਨਾ ਪ੍ਰਗਟਾਉਂਦਾ, ਧਾਂਹੀ ਰੋਂਦਾ ਹੈ । ਕਿਤੇ ਕੋਈ ਇਸ ਰੇਗਿਸਤਾਨ ਬਣ ਗਏ ਚੌਗਿਰਦੇ ਵਿੱਚੋਂ ਆਪਣੀਆਂ ਦਫ਼ਨ ਹੋਈਆਂ ਮੋਟਰਾਂ ਢੂੰਡ ਰਿਹਾ ਹੈ, ਕੋਈ ਡਿੱਗੇ ਢੱਠੇ ਕੋਠਿਆਂ-ਕੰਧਾਂ ਨੂੰ ਤੱਕ-ਤੱਕ ਰੋ ਰਿਹਾ ਹੈ, ਕੋਈ ਮੋਏ ਡੰਗਰਾਂ ਦਾ ਮਾਤਮ ਕਰ ਰਿਹਾ ਹੈ ਤੇ ਕੋਈ ਪੂਰੀ ਦੀ ਪੂਰੀ ਰੁੜ੍ਹ ਗਈ ਬਸਤੀ ਦੇ ਨਿਸ਼ਾਨ ਲੱਭ ਰਿਹਾ ਹੈ । ਅੰਮ੍ਰਿਤਸਰ, ਗੁਰਦਾਸਪੁਰ, ਤਰਨ ਤਾਰਨ, ਪਠਾਨਕੋਟ, ਫਿਰੋਜ਼ਪੁਰ ਤੇ ਫ਼ਾਜ਼ਿਲਕਾ ਦੇ ਸੈਂਕੜੇ ਪਿੰਡਾਂ ਦੀ ਇਹੋ ਹੋਣੀ ਹੈ, ਇਹੋ ਮੰਜ਼ਰ ਹੈ, ਇਹੋ ਤਕਦੀਰ ਹੈ ਭਾਵੇਂ, ਬਾਕੀ ਬਚਦੇ ਪੰਜਾਬ ਵਿੱਚ ਵੀ ਤਬਾਹੀ ਘੱਟ ਨਹੀਂ ਹੋਈ ਪਰ ਇਹ ਤਾਂ ਉਹ ਜ਼ਿਲ੍ਹੇ ਹਨ ਜਿੱਥੇ ਸਰਬਨਾਸ਼ ਦੀਆਂ ਅਮੁੱਕ ਤਸਵੀਰਾਂ ਹਨ । 'ਜਿਸ ਦਾ ਖੇਤ ਉਸ ਦੀ ਰੇਤ' ਵੀ ਇਸ ਵੇਲੇ ਇੱਕ ਮਜ਼ਾਕ ਤੋਂ ਘੱਟ ਨਹੀਂ ਜਾਪਦਾ ਕਿਉਂਕਿ ਕੀ ਉਹ ਮਿਲਗੋਭੇ ਨੂੰ 'ਰੇਤ' ਦਾ ਨਾਂ ਦਿੱਤਾ ਜਾ ਸਕਦਾ ਹੈ ਜਿਸ ਵਿੱਚ ਪਹਾੜਾਂ ਤੋਂ ਆਈ ਗਾਰ, ਰੇਤਾ, ਮਿੱਟੀ, ਰੁੱਖ ਬੂਟੇ, ਜੀਵ-ਜੰਤੂ, ਫ਼ਸਲੀ ਰਹਿੰਦ-ਖੂੰਹਦ ਤੇ ਹੋਰ ਪਤਾ ਨਹੀਂ ਕੀ ਕੁੱਝ ਰਲਿਆ ਮਿਲਿਆ ਹੋਇਆ ਹੈ । ਇਹ ਚੱਜਦੀ, ਵਧੀਆ ਤੇ ਕੰਮ ਦੀ ਹੁੰਦੀ ਤਾਂ ਸਰਕਾਰ ਕਦੇ ਅਜਿਹਾ ਫ਼ੈਸਲਾ ਹੀ ਨਾ ਕਰਦੀ । ਹੁਣ ਤਾਂ ਇਹ ਮਰਿਆ ਸੱਪ ਖੇਤ ਮਾਲਕਾਂ ਦੇ ਗੱਲ ਮੜ੍ਹ ਦਿੱਤਾ ਗਿਆ ਹੈ ਕਿਉਂਕਿ ਸਾਉਣੀ ਡੁੱਬ ਗਈ ਹੈ ਤੇ ਕਣਕ ਦੀ ਬਿਜਾਈ ਦੀ ਆਸ ਹੀ ਕੋਈ ਨਹੀਂ ਲੱਗਦੀ । ਨਹੀਂ ਤਾਂ ਇਸ ਵੇਲੇ, ਝੋਨਿਆਂ ਨਾਲ ਮੰਡੀਆਂ ਲਬਾਲਬ ਭਰੀਆਂ ਹੋਈਆਂ ਸਨ । ਕਿਸਾਨ, ਮਜ਼ਦੂਰ, ਪੱਲੇਦਾਰ, ਆੜ੍ਹਤੀਏ ਤੇ ਹੋਰ ਅਨੇਕਾਂ ਬੰਦੇ ਭੱਜਦੇ ਭਜਾਉਂਦੇ ਦਿੱਸਦੇ । ਗੁਰਦਵਾਰਿਆਂ ਲਈ ਦਸਵੰਧ ਨਿਕਲਦਾ-ਬੇਸਹਾਰਾ ਸੰਗਤਾਂ ਦੀ ਤ੍ਰਿਪਤੀ ਹੁੰਦੀ ਪਰ ਇਸ ਵਾਰ ਕਿਸੇ ਸਾੜ੍ਹਸਤੀ ਨੇ ਪੰਜਾਬ ਨੂੰ ਆਣ ਦਬੋਚਿਆ ਹੈ- ਲੱਗੀ ਨਜ਼ਰ ਪੰਜਾਬ ਨੂੰ । ਅੱਜ ਸੁਰਜੀਤ ਪਾਤਰ ਹੁੰਦਾ ਤਾਂ ਕਾਵਿਕ-ਰੁਦਨ ਜ਼ਰੂਰ ਕਰਦਾ । ਹੇ ਪ੍ਰਭੂ, 'ਤੈਂ ਕੀ ਦਰਦ ਨਾ ਆਇਆ' ।

ਬਰਬਾਦੀ ਦੇ ਇਸ ਮੰਜ਼ਰ ਵਿੱਚ ਪੰਜਾਬੀ, ਪੰਜਾਬ ਨਾਲ ਡੱਟ ਕੇ ਆਣ ਖੜ੍ਹੇ-ਜੋ ਦੂਰ ਹੋ ਗਏ ਜਾਪਦੇ ਸਨ, ਉਹ ਧਾਂਹੀ ਆਣ ਮਿਲੇ । ਜੋ ਚਿਰਾਂ ਤੋਂ ਆਪਣੀ ਮਿੱਟੀ ਤੋਂ ਦੂਰ ਹੋ ਗਏ ਸਨ, ਉਹ ਇਸ ਬਿਪਤਾ ਵੇਲੇ, ਸਭ ਰੁਝੇਵੇਂ, ਪ੍ਰੋਗਰਾਮ ਤੇ ਝਮੇਲੇ ਛੱਡ ਕੇ ਆਣ ਵੜੇ- ਲੱਕ-ਲੱਕ ਡੂੰਘੇ ਪਾਣੀਆਂ ਵਿੱਚ । ਕੀ ਗਾਇਕ, ਕੀ ਅਦਾਕਾਰ, ਕੀ ਸੰਗੀਤਕਾਰ ਤੇ ਕੀ ਸਮਾਜ ਸੇਵੀ ਕੋਈ ਵੀ ਪਿੱਛੇ ਨਾ ਰਿਹਾ- ਪੰਜਾਬੀ ਮਾਂ ਦੇ ਦੁੱਧ ਦਾ ਕਰਜ਼ਾ ਉਤਾਰਨ ਤੇ ਪੰਜਾਬ ਨੂੰ ਮੁੜ ਪੈਰਾਂ 'ਤੇ ਖੜ੍ਹਾ ਕਰਨ ਲਈ ਮੀਡੀਏ ਨੇ ਵੀ ਪੂਰੀ ਜਾਨ ਮਾਰੀ । ਕਿਸ਼ਤੀਆਂ ਥੋੜ੍ਹੀਆਂ ਪੈ ਗਈਆਂ ਤਾਂ ਕਾਰੋਬਾਰੀਆਂ ਨੇ ਸਭ ਸੌਦੇ ਰੋਕ ਕੇ ਕਿਸ਼ਤੀਆਂ ਦੇ ਅੰਬਾਰ ਲਾ ਦਿੱਤੇ । ਕਮਾਲ ਦੀ ਗੱਲ ਕਿ ਫ਼ਿਲਮ ਜਗਤ ਦਾ ਸਾਹ (ਰੁਖ਼ ਖਾਂ), ਸਲਮਾਨ ਖ਼ਾਨ, ਅਕਸ਼ੈ ਕੁਮਾਰ, ਹਾਸਰਸੀ ਕਲਾਕਾਰ ਤੇ ਹੋਰ ਅਨੇਕ ਵੀ ਦੌੜੇ ਆਏ, ਮਦਦ ਕੀਤੀ ਤੇ ਮਦਦ ਲਈ ਅਪੀਲਾਂ ਕੀਤੀਆਂ ਪਰ ਅਫ਼ਸੋਸ ਕਿ ਸਿੱਖ-ਮਾਂ ਦਾ ਦੁੱਧ ਚੁੰਘਣ ਵਾਲੇ ਵਾਲੀਵੁੱਡ ਦੇ 'ਸ਼ਹਿਨਸ਼ਾਹ' ਨੂੰ ਪਤਾ ਨਹੀਂ ਕਿਉਂ ਪੰਜਾਬ ਦਾ ਮੋਹ ਨਹੀਂ ਆਇਆ ।

ਸਿਆਸਤਦਾਨਾਂ ਦੇ ਨਿਖੇੜੇ ਅਤੇ ਰਾਜਨੀਤੀ ਦੇ ਵੱਡੇ ਦੋਵੇਂ ਪੰਜਾਬ ਵੀ ਹੜ੍ਹਾਂ ਨੇ ਮੇਲ ਦਿੱਤੇ- ਕੰਡਿਆਲੀ ਤਾਰ ਲਾਗੇ ਟੁੱਟੇ ਬੰਨ੍ਹ ਨੂੰ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਪੁੱਤਰਾਂ ਨੇ ਰਲ ਕੇ ਬੰਨ੍ਹਿਆ । ਹੜ੍ਹਾਂ ਦੀ ਮਾਰ ਝੇਲਦਿਆਂ, ਉਪਰਲਿਆਂ ਨੇ ਸਾਡੇ ਰੁੜ੍ਹ ਗਏ ਪਸ਼ੂ ਵੀ ਮੋੜੇ ਤੇ ਮੁਸਲਿਮ ਭਾਈਚਾਰੇ ਨੇ ਪੰਜਾਬ (ਮਲੇਰਕੋਟਲਾ) ਦੇ ਬਾਹਰਲੇ ਸੂਬਿਆਂ ਤੋਂ ਆ ਕੇ ਵੀ ਬੇਸ਼ਕੀਮਤੀ ਸੇਵਾ ਕੀਤੀ । ਕੀ ਹਰਿਆਣਾ, ਰਾਜਸਥਾਨ, ਯੂ.ਪੀ., ਮੱਧ ਪ੍ਰਦੇਸ਼, ਗੋਆ ਤੇ ਗੁਜਰਾਤ, ਸਭ ਨੇ ਆਪਣੀ-ਆਪਣੀ ਵਾਹ ਲਾਈ, ਪੰਜਾਬੀਆਂ ਤੱਕ ਪਹੁੰਚੇ । ਵਿਦੇਸ਼ ਬੈਠੇ ਪੰਜਾਬੀਆਂ ਦਾ ਖ਼ੂਨ ਵੀ ਖੌਲਿਆ- ਖ਼ਾਲਸਾ ਏਡ ਤੇ ਯੂਨਾਈਟਿਡ ਸਿੱਖਸ ਰਾਹੀਂ ਵੀ ਪੰਜਾਬੀ ਮਦਦ ਲੈ ਕੇ ਪਹੁੰਚੇ । ਮੁਸ਼ੀਬਤ ਬਹੁਤ ਵੱਡੀ ਸੀ ਪਰ ਇਸ ਦਾ ਮੁਕਾਬਲਾ ਕਰਨ ਵਾਲੇ ਵੀ ਬੇਸ਼ੁਮਾਰ ਸਨ । ਕੌਮੀ ਆਫ਼ਤ ਪ੍ਰਬੰਧਕਾਂ ਦੇ ਨਾਲ ਰਾਜ ਆਫ਼ਤ ਪ੍ਰਬੰਧਕ, ਭਾਰਤੀ ਫ਼ੌਜ ਜਲ ਸੈਨਾ, ਪੰਜਾਬ ਪੁਲਿਸ, ਸਮਾਜ ਸੇਵੀ ਜਥੇਬੰਦੀਆਂ ਤੇ ਕਾਰ ਸੇਵਾ ਵਾਲੇ ਮਹਾਂਪੁਰਖ ਨਾ ਸਿਰਫ਼ ਅਚਾਨਕ ਆਏ ਹੜ੍ਹਾਂ ਵਿੱਚੋਂ ਲੋਕਾਂ ਨੂੰ ਕੱਢਦੇ ਰਹੇ ਬਲਕਿ ਦਿਨ-ਰਾਤ ਦਾ ਫ਼ਰਕ ਕੀਤੇ ਬਗੈਰ ਰਾਹਤ ਕੈਂਪਾਂ ਵਿੱਚ ਵੀ ਹੋਰ ਲੋੜੀਂਦੀ ਸ਼ੈਅ ਦਵਾਈਆਂ, ਦੁੱਧ ਅਤੇ ਰਸਦਾਂ ਪਹੁੰਚਾਉਂਦੇ ਰਹੇ । ਸੜਕਾਂ ਦੇ ਉੱਚੇ ਪਾਸਿਆਂ 'ਤੇ ਮੋਹਲੇਧਾਰ ਮੀਂਹ ਵਿੱਚ ਤੰਬੂ ਲਾ ਕੇ ਦਿਨ ਕੱਟੀ ਕਰਦੇ ਹਜ਼ਾਰਾਂ ਟੱਬਰ ਵੀ ਨਜ਼ਰੀਂ ਪੈਂਦੇ ਰਹੇ ਤੇ ਉਨ੍ਹਾਂ ਨਾਲ ਉਨ੍ਹਾਂ ਦਾ ਡੰਗਰ ਵੱਛਾ ਵੀ । ਇੰਜ 219 ਵਾਰਡ ਕੈਂਪਾਂ ਵਿੱਚ, 23 ਜ਼ਿਲ੍ਹਿਆਂ ਦੇ, ਤੇਈ ਹਜ਼ਾਰ ਤੋਂ ਵੱਧ ਪ੍ਰਭਾਵਤ ਲੋਕਾਂ ਦੀ ਸਾਂਭ ਸੰਭਾਲ ਕੀਤੀ ਗਈ । ਸਰਕਾਰੀ ਅੰਕੜਿਆਂ ਅਨੁਸਾਰ ਪੱਚੀ ਸੌ ਤੋਂ ਵੱਧ ਪਿੰਡਾਂ 'ਤੇ ਹੜ੍ਹਾਂ ਦੀ ਭਿਅੰਕਰ ਮਾਰ ਪਈ, ਜਿਸ ਵਿੱਚ 59 ਲੋਕ ਸਦੀਵੀਂ ਵਿਛੋੜਾ ਦੇ ਗਏ, ਚਾਰ ਲੱਖ ਏਕੜ ਤੋਂ ਵੱਧ ਜ਼ਮੀਨ ਪਾਣੀ ਦੀ ਮਾਰ ਹੇਠ ਆ ਗਈ ਜਿੱਥੇ ਫ਼ਸਲਾਂ ਦਾ ਨਾਂ ਨਿਸ਼ਾਨ ਹੀ ਮਿੱਟ ਗਿਆ । ਸੜਕਾਂ ਧੱਸ ਗਈਆਂ, ਪੁੱਲ ਟੁੱਟ ਗਏ, ਬੰਨ੍ਹ ਨਿਗਲ ਗਏ, ਪਸ਼ੂ ਰੁੜ੍ਹ ਗਏ, ਘਰ ਤਿੜਕ ਜਾਂ ਢਹਿ ਗਏ । ਸਰਕਾਰੀ ਮਦਦ ਨਾਲੋਂ ਬਾਹਰਲੇ ਪੰਜਾਬੀਆਂ ਦੀ ਫੌਰੀ ਮਦਦ ਨੇ ਜਿਉਂਦਾ ਰੱਖਿਆ ਪੰਜਾਬੀਆਂ ਨੂੰ ।

ਆਫ਼ਤ ਦਾ ਦੌਰ ਗੁਜ਼ਰ ਗਿਆ ਹੈ ਪਰ ਹੁਣ ਮੰਥਨ ਕਰਨ ਦਾ ਵੇਲਾ ਹੈ ਕਿ ਕਹਿਰ ਦੀਆਂ ਬਰਸਾਤਾਂ ਨੇ ਜਿੰਨੀ ਤਬਾਹੀ ਇਸ ਵਾਰ ਮਚਾਈ ਹੈ, ਹਿਮਾਚਲ ਵਿੱਚ ਜਿਵੇਂ ਬੱਦਲ ਫੱਟੇ ਹਨ, ਜੰਮੂ ਕਸ਼ਮੀਰ ਵਿੱਚ ਬੰਨ੍ਹ ਟੁੱਟ ਕੇ ਸਾਡੇ ਦਰਿਆਵਾਂ ਵਿੱਚ ਰਲੇ ਹਨ, ਜੇ ਅਜੇ ਵੀ ਲੋੜੀਂਦੇ ਪ੍ਰਬੰਧ ਅਗਲੀਆਂ ਬਰਸਾਤਾਂ ਤੋਂ ਪਹਿਲਾਂ ਨਾ ਕੀਤੇ ਤਾਂ ਰੇਗਿਸਤਾਨ ਬਣਨ ਜਾ ਰਿਹਾ ਪੰਜਾਬ, ਪੰਜਾਬ ਹੀ ਨਹੀਂ ਰਹੇਗਾ । ਇਤਿਹਾਸ ਵਿੱਚ ਇਸ ਦਾ ਹਸ਼ਰ ਸਿੱਧ ਘਾਟੀ ਦੀ ਸਭਿਅਤਾ ਵਾਲਾ ਹੀ ਦਰਜ ਹੋਵੇਗਾ । ਭਾਵੇਂ ਹਾਲਾਤ ਹੁਣ ਵੀ ਬੜੇ ਭਿਆਨਕ ਹਨ- ਆਪਣਿਆਂ ਦੀ ਵਿਦੇਸ਼ਾਂ ਵੰਨੀ ਉਡਾਰੀ ਤੇ ਪ੍ਰਵਾਸੀਆਂ ਦੀ ਬੇਰੋਕ ਤੇ ਕਹਿਰਾਂ ਦੀ ਆਮਦ । ਪੰਜਾਬ ਦਾ ਇਤਿਹਾਸਕ ਪਰਿਪੇਖ ਹੀ ਉਲਟ ਪੁਲਟ ਹੋ ਗਿਆ ਹੈ- ਪੰਜਾਬ, ਪੰਜਾਬ ਨਹੀਂ ਰਿਹਾ । ਪੰਜਾਬੀਅਤ ਗ੍ਰਹਿਣੀ ਜਾ ਚੁੱਕੀ ਹੈ ਤੇ ਪੰਜਾਬੀ ਭਾਸ਼ਾ ਅਸੀਂ ਉਂਜ ਹੀ ਰੋਲ ਦਿੱਤੀ ਹੈ ।

ਭਾਵੇਂ ਮੌਸਮ ਵਿਗਿਆਨੀਆਂ ਦੇ ਗਲਤ ਅਨੁਮਾਨਾਂ ਨੇ ਵੀ ਪੰਜਾਬ ਨੂੰ ਡੋਬਣ ਵਿੱਚ ਹਿੱਸਾ ਪਾਇਆ ਹੈ ਪ੍ਰੰਤੂ ਇਸ ਦੇ ਹੋਰ ਵੀ ਅਨੇਕ ਜ਼ਾਹਰਾ ਕਾਰਨ ਰਹੇ ਹਨ ਜਿਨ੍ਹਾਂ ਕਰ ਕੇ ਇੱਥੇ ਵਗਦੇ ਚਾਰੇ ਦੇ ਚਾਰੇ ਦਰਿਆ ਬੇਬੱਸ ਹੋ ਗਏ ਜਾਪੇ ਤੇ ਭਾਖੜਾ ਡੈਮ ਪ੍ਰਬੰਧਨ ਵੀ ਘੱਟ ਕਸੂਰਵਾਰ ਨਹੀਂ ਰਿਹਾ ਜਿਸ ਨੇ ਪਰੋਟੋਕਾਲ ਨਾਲ ਹੀ ਬੱਝੇ ਰਹਿਣਾ ਮੁਨਾਸਬ ਸਮਝਿਆ, ਇਹ ਜਾਣਦਿਆਂ ਹੋਇਆਂ ਵੀ ਕਿ ਹੁਣ ਗਾਰ, ਰੇਤਾ, ਮਲਬੇ ਤੇ ਹੋਰ ਨਿਕ ਸੁੱਕ ਦੇ ਰਲਦੇ ਜਾਣ ਕਰ ਕੇ, ਪਾਣੀ ਰੱਖਣ ਦੀ ਸਮਰੱਥਾ ਬਹੁਤ ਘੱਟ ਚੁੱਕੀ ਹੈ । ਪਿਛਲੇ, 62 ਸਾਲਾਂ ਤੋਂ ਜਿਸ ਭਾਖੜਾ ਡੈਮ ਵਿੱਚ ਗਾਰ ਜੰਮਦੀ ਆ ਰਹੀ ਹੋਵੇ, ਜਿਸ ਦੀ ਸਮਰੱਥਾ 25 ਫੁੱਟ ਤੱਕ ਨਿਗਲੀ ਜਾ ਚੁੱਕੀ ਹੋਵੇ, ਉਹ ਹਿਮਾਚਲ ਤੋਂ ਆ ਰਹੇ ਬੇਹਿਸਾਬ ਪਾਣੀ ਨੂੰ ਕਿੰਨਾ ਕੁ ਜਜ਼ਬ ਕਰ ਸਕਦਾ ਸੀ ? ਪਰੋਟੋਕਾਲ ਅਨੁਸਾਰ, ਛੱਡਿਆ ਪਾਣੀ ਕਿਸ-ਕਿਸ ਨੂੰ ਡੋਬਦਾ ਹੈ, ਇਹ ਕੋਈ ਨਹੀਂ ਵਿਚਾਰਦਾ । ਇੱਕ ਡੈਮ ਤੋਂ ਦੂਜੇ ਹੈਡਵਰਕਸ ਤੱਕ ਛੱਡਿਆ ਪਾਣੀ, ਮਿੱਟੀ ਵੀ ਖੋਰਦਾ ਤੁਰਿਆ ਜਾਂਦਾ ਹੈ, ਸਪੀਡ ਘੱਟਣ ਤੇ, ਇਹ ਪਾਣੀ, ਮਿੱਟੀ ਤੇ ਗਾਰ ਉੱਥੋਂ ਹੀ ਛੱਡ ਦਿੰਦਾ ਹੈ । ਜਮ੍ਹਾਂ ਹੋਈ ਇਸ ਮਿੱਟੀ ਨੇ ਧੁੱਸੀਆਂ ਤੋੜੀਆਂ । ਜ਼ਿਕਰਯੋਗ ਹੈ ਕਿ ਪਹਿਲੇ ਸਮਿਆਂ ਦੇ ਮੁਕਾਬਲਤਨ ਹੁਣ ਡੇਢ ਲੱਖ ਕਿਊਸਕ ਪਾਣੀ ਵੀ ਸਤਲੁਜ ਤੇ ਬਿਆਸ ਦੇ ਹੇਠਲੇ ਖੇਤਰਾਂ ਵਿੱਚ ਪਰਲੋ ਲਿਆ ਦਿੰਦਾ ਹੈ । ਇਸ ਤਬਾਹੀ ਉਪ੍ਰੰਤ, ਹੁਣ ਜੋ ਕੁੱਝ ਤੁਰੰਤ ਕਰਨ ਦੀ ਲੋੜ ਹੈ, ਉਸ ਅਨੁਸਾਰ :

1) ਦਰਿਆਈ ਤਲਾਂ ਦੀ ਸਫ਼ਾਈ ਭਾਵ ਗਾਰ ਕੱਢੀ ਜਾਵੇ ।

2) ਧੁੱਸੀ ਬੰਨ੍ਹਾਂ ਨੂੰ ਮਜ਼ਬੂਤ ਕੀਤਾ ਜਾਵੇ ।

3) ਪਰੋਟੋਕੋਲਾਂ ਦਾ ਪੁਨਰ ਮੁਲਾਂਕਣ ਹੋਵੇ ।

4) ਦਰਿਆਵਾਂ ਦੇ ਕੰਢਿਆਂ 'ਤੇ ਸਫ਼ੇਦੇ ਤੇ ਪਾਪੂਲਰ ਦੀ ਖੇਤੀ 'ਤੇ ਮੁਕੰਮਲ ਬੰਦ ਜਾਵੇ ।

5) ਭਾਖੜਾ ਬਿਆਸ ਪ੍ਰਬੰਧਨ ਹਰਿਆਣਾ ਤੇ ਰਾਜਸਥਾਨ ਨੂੰ ਪਾਣੀ ਬਦਲੇ ਰਕਮ ਵਸੂਲਦਾ ਹੈ । ਹੇਠਾਂ ਵਗਦੇ ਪਾਣੀ ਦੀ ਸਾਂਭ ਸੰਭਾਲ ਵੀ ਡੈਮਾਂ ਦੇ ਰੱਖ-ਰਖਾਅ ਦਾ ਹੀ ਹਿੱਸਾ ਹੈ । ਦੋਵਾਂ ਰਾਜਾਂ ਤੇ ਸੈੱਸ ਲਾ ਕੇ ਇਹ ਰਕਮ ਪੰਜਾਬ ਸਰਕਾਰ ਨੂੰ ਦਰਿਆਈ ਪਾਣੀਆਂ ਦੀ ਸਾਂਭ ਸੰਭਾਲ ਲਈ ਮੁਹੱਈਆ ਕਰਵਾਈ ਜਾਵੇ ।

6) ਡੈਮਾਂ ਤੋਂ ਛੱਡੇ ਪਾਣੀ ਨਾਲ ਆਏ ਭਿਆਨਕ ਹੜ੍ਹਾਂ ਦੀ ਜ਼ਿੰਮੇਵਾਰੀ ਤੋਂ ਇਹ ਰਾਜ ਕਿਉਂ ਮੁਕਤ ਕੀਤੇ ਜਾਣ ? ਇਸ ਪ੍ਰਕਾਰ, ਪੂਰਵ ਯੋਜਨਾਬੰਦੀ, ਫੰਡਾਂ ਦਾ ਨਿਰਧਾਰਣ, ਮਜ਼ਬੂਤ ਇੱਛਾ ਸ਼ਕਤੀ ਨਾਲ ਅਗਾਂਹ ਤੋਂ ਅਰਬਾਂ ਖਰਬਾਂ ਦਾ ਬੁਨਿਆਦੀ ਢਾਂਚਾ ਤੇ ਮਾਲੀ ਨੁਕਸਾਨ ਰੋਕਿਆ ਜਾ ਸਕਦਾ ਹੈ ਤੇ ਕੀਮਤੀ ਜਾਨਾਂ ਤੇ ਮਾਲ ਡੰਗਰ ਬਚਾਇਆ ਜਾ ਸਕਦਾ ਹੈ । ਡਰੇਨੇਜ਼ ਵਿਭਾਗ ਦੀ ਨਾਕਸ ਕਾਰਗੁਜ਼ਾਰੀ ਤੇ ਕੇਂਦਰੀ ਮਦਦ ਦੀ ਅਸਮਾਨਤਾ ਦੀ ਸਥਿਤੀ ਦੇ ਬੇਹੱਦ ਵਿਗੜਣ ਲਈ ਜ਼ਿੰਮੇਵਾਰ ਕਹੇ ਜਾ ਸਕਦੇ ਹਨ । ਲਿਹਾਜ਼ਾ ਖੇਤਾਂ ਵਿੱਚ ਵਗਦਾ ਰਿਹਾ ਸਮੁੰਦਰ ਜਿਹਾ ਦ੍ਰਿਸ਼ ਚਿਤਵਦਿਆਂ, ਅੱਜ ਵੀ ਰੌਂਗਟੇ ਖੜ੍ਹੇ ਹੋ ਰਹੇ ਹਨ ਅਤੇ ਪੰਜਾਬ ਦਾ ਪਾਣੀ ਉਤਰਨ ਮਗਰਲਾ ਦ੍ਰਿਸ਼ ਹੋਰ ਵੀ ਭੀਆਵਲਾ ਹੈ ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਪਹਾੜੀ ਖੇਤਰਾਂ ਵਿੱਚ ਵਿਕਾਸ ਦੇ ਨਾਂ 'ਤੇ ਧੜਾਧੜ ਬਣਾਏ ਜਾ ਰਹੇ ਹੋਟਲ, ਸੜਕਾਂ ਤੇ ਸੁਰੰਗਾਂ ਵੀ ਕਿੰਨੇ ਕੁ ਜਾਨਲੇਵਾ ਸਾਬਤ ਹੋਏ ਹਨ । ਜੰਗਲਾਂ ਦੀ ਅੰਧਾਧੁੰਦ ਕਟਾਈ ਦਾ ਨਤੀਜਾ ਹੀ ਹਨ ਲੈਂਡ ਸ਼ਲਾਈਡਾਂ । ਬਹੁਤ ਸਾਰੀਆਂ ਏਜੰਸੀਆਂ, ਸੰਸਥਾਵਾਂ ਤੇ ਪ੍ਰਬੰਧਕਾਂ ਦਾ ਆਪਸੀ ਤਾਲਮੇਲ ਵੀ ਇਸ ਭਿਅੰਕਰਤਾ ਨੂੰ ਘਟਾਅ ਸਕਦਾ ਸੀ । ਸੇਵਾ ਮੁਕਤ ਸੂਝਵਾਨ ਇੰਜੀਨੀਅਰਾਂ ਦੀਆਂ ਸੇਵਾਵਾਂ ਮੁੜ ਲੈਣ ਵਿੱਚ ਵੀ ਕੋਈ ਮਿਹਣਾ ਨਹੀਂ ਹੈ । ਓਹ ਪ੍ਰਬੰਧਕੋ ! ਪੰਜਾਬ ਨੂੰ ਰੇਗਿਸਤਾਨ ਬਣਾਉਣ ਤੋਂ ਰਤਾ ਤਾਂ ਸੰਕੋਚ ਕਰੋ !!

# ਕੁਦਰਤੀ ਆਫ਼ਤਾਂ ਅਤੇ ਰੋਪਵੇਅ ਵਿਉਂਤਬੰਦੀਆਂ

**ਆਰਥਿਕ ਵਿਕਾਸ ਦੇ ਨਾਮ ਉੱਤੇ ਹੋ ਰਹੀ ਤਬਾਹੀ ਨੂੰ ਦੇਖਦੇ ਹੋਏ ਸੁਪਰੀਮ ਕੋਰਟ ਨੇ ਇਸੇ ਸਾਲ ਦੋ ਵਾਰ ਹਿਮਾਚਲ ਸਰਕਾਰ ਨੂੰ ਹਦਾਇਤ ਦਿੱਤੀ ਕਿ ਸੂਬੇ ਦੇ ਵਿਕਾਸ ਕਾਰਜ ਕੁਦਰਤ ਪੱਖੀ ਹੋਣੇ ਚਾਹੀਦੇ ਹਨ।**



ਡਾ. ਗੁਰਿੰਦਰ ਕੌਰ
ਸਾਬਕਾ ਪ੍ਰੋਫੈਸਰ, ਜਿਓਗਰਾਫੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਹਿਮਾਚਲ ਪ੍ਰਦੇਸ਼ ਇਸ ਸਾਲ ਵੀ 2023 ਵਾਂਗ ਕੁਦਰਤੀ ਆਫ਼ਤਾਂ ਦੀ ਮਾਰ ਝੱਲ ਰਿਹਾ ਹੈ। ਮੌਨਸੂਨ ਵਾਲੇ ਮੀਂਹਾਂ ਨਾਲ ਸਥਾਪਿਤ ਘਟਨਾਵਾਂ ਅਤੇ ਸੜਕ ਹਾਦਸਿਆਂ ਵਿੱਚ ਸਾਢੇ ਤਿੰਨ ਸੌ ਤੋਂ ਉਪਰ ਜਾਨਾਂ ਜਾ ਚੁੱਕੀਆਂ ਹਨ। ਹਜ਼ਾਰਾਂ ਘਰ ਅਤੇ ਸੈਂਕੜੇ ਦੁਕਾਨਾਂ ਤੇ ਕਾਰਖਾਨੇ ਪੂਰੀ ਤਰ੍ਹਾਂ ਜਾਂ ਅੰਸ਼ਿਕ ਤੌਰ ਉੱਤੇ ਨੁਕਸਾਨੇ ਗਏ ਹਨ। ਪਹਾੜ ਖਿਸਕਣ ਦੀਆਂ ਘਟਨਾਵਾਂ ਆਏ ਦਿਨ ਵੱਧ ਰਹੀਆਂ ਹਨ। ਪਹਾੜ ਖਿਸਕਣ ਕਾਰਨ ਬਹੁਤ ਥਾਈਂ ਆਵਾਜਾਈ ਠੱਪ ਰਹੀ। 1600 ਦੇ ਕਰੀਬ ਬਿਜਲੀ ਟਰਾਂਸਫਾਰਮਰ ਅਤੇ ਚਾਰ ਦੇ ਲਗਭਗ ਜਲ ਸਪਲਾਈ ਯੋਜਨਾਵਾਂ ਪ੍ਰਭਾਵਿਤ ਹੋਈਆਂ।

ਇਸੇ ਦੌਰਾਨ ਸੂਬੇ ਦੇ ਮੁੱਖ ਮੰਤਰੀ ਅਨੁਸਾਰ, 6 ਸਤੰਬਰ ਨੂੰ ਸ਼ਿਮਲੇ ਵਿੱਚ 13.79 ਕਿਲੋਮੀਟਰ ਲੰਮਾ ਰੋਪਵੇਅ ਬਣਾਉਣ ਨੂੰ ਅੰਤਿਮ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਯੋਜਨਾ 'ਤੇ 1,734 ਕਰੋੜ ਰੁਪਏ ਲੱਗਣੇ ਹਨ। ਰੋਪਵੇਅ ਬਣਨ ਨਾਲ ਸ਼ਹਿਰ ਵਾਸੀਆਂ ਨੂੰ ਸਫ਼ਰ ਵਿੱਚ ਸਹੂਲਤ ਅਤੇ ਜਾਮ ਲੱਗਣ ਦੀ ਸਿਰਦਰਦੀ ਤੋਂ ਛੁਟਕਾਰਾ ਮਿਲਣ ਬਾਰੇ ਵੀ ਆਖਿਆ ਗਿਆ ਹੈ। ਇਹ ਰੋਪਵੇਅ ਮੁਲਕ ਦਾ ਸਭ ਤੋਂ ਲੰਮਾ ਅਤੇ ਦੁਨੀਆ ਵਿੱਚ ਦੂਜੇ ਨੰਬਰ ਉੱਤੇ ਹੋਵੇਗਾ। ਉੱਪ ਮੁੱਖ ਮੰਤਰੀ ਅਨੁਸਾਰ ਇਹ ਸੂਬੇ ਨੂੰ ਸਵਿਟਜ਼ਰਲੈਂਡ ਵਰਗੀ ਸੈਰਗਾਹ ਬਣਾਉਣ ਲਈ ਉਪਰਾਲਾ ਹੈ। ਉਨ੍ਹਾਂ ਅਨੁਸਾਰ ਇਸ ਦੇ ਨਾਲ-ਨਾਲ ਕਈ ਹੋਰ ਰੋਪਵੇਅ ਜਿਵੇਂ ਬਾਬਾ ਬਾਲਕ ਨਾਥ (66 ਕਰੋੜ ਰੁਪਏ) ਮਾਤਾ ਚਿੰਤਪੁਰਨੀ ਮੰਦਿਰ (75 ਕਰੋੜ ਰੁਪਏ) ਅਤੇ ਬਿਜਲੀ ਮਹਾਂਦੇਵ (278.62 ਕਰੋੜ ਰੁਪਏ) ਉਸਾਰੀ ਅਧੀਨ ਹਨ। ਸੂਬਾ ਸਰਕਾਰ ਦੀ ਯੋਜਨਾ ਅਨੁਸਾਰ ਸ਼ਿਮਲਾ ਤੋਂ ਪਰਵਾਣੂ ਤੱਕ 38 ਕਿਲੋਮੀਟਰ ਲੰਮਾ ਰੋਪਵੇਅ ਬਣਾਉਣ ਦੀ ਵੀ ਯੋਜਨਾ ਹੈ।

ਸਵਾਲ ਹੈ; ਕੀ ਹਿਮਾਚਲ ਪ੍ਰਦੇਸ਼ ਵਰਗੇ ਪਹਾੜੀ ਸੂਬੇ ਵਿੱਚ ਇੰਨੇ ਜ਼ਿਆਦਾ ਰੋਪਵੇਅ ਬਣਾਉਣੇ ਵਾਜ਼ਿਬ ਹਨ? ਵਿਸਫੋਟਕਾਂ ਦੇ ਭੰਨੇ ਅਤੇ ਦਰੱਖ਼ਤ ਵਿਹੂਣੇ ਪਹਾੜ ਇਨ੍ਹਾਂ ਰੋਪਵੇਅ ਦਾ ਭਾਰ ਸਹਿ ਸਕਣਗੇ? ਕੀ ਇੱਥੋਂ ਦੇ ਵਾਸੀ ਅਤੇ ਸੈਲਾਨੀ ਇਨ੍ਹਾਂ ਰੋਪਵੇਅ ਦੁਆਰਾ ਸੌਖਾ ਅਤੇ ਸੁਰੱਖਿਅਤ ਸਫ਼ਰ ਕਰ ਸਕਣਗੇ?

ਹਿਮਾਚਲ ਪ੍ਰਦੇਸ਼ ਨੂੰ ਕੁਦਰਤ ਨੇ ਅਥਾਹ ਕੁਦਰਤੀ ਖ਼ੂਬਸੂਰਤੀ ਬਖ਼ਸ਼ੀ ਹੈ। ਠੰਢਾ ਮੌਸਮ, ਸਾਫ਼ ਤੇ ਠੰਢੀ ਹਵਾ, ਸਾਫ਼ ਤੇ ਠੰਢੀ ਹਵਾ, ਤਾਜ਼ੇ ਪਾਣੀ ਦੇ ਝਰਨੇ ਤੇ ਚਸ਼ਮੇ, ਨਦੀਆਂ ਤੇ ਉਨ੍ਹਾਂ ਦੀਆਂ ਸਹਾਇਕ ਛੋਟੀਆਂ ਨਦੀਆਂ, ਉੱਚੇ ਲੰਮੇ ਦਰੱਖ਼ਤ ਅਤੇ ਉੱਚੀਆਂ ਪਹਾੜੀਆਂ ਹਰ ਇੱਕ ਦਾ ਮਨ ਮੋਹ ਲੈਂਦੀਆਂ ਹਨ। ਇਸੇ ਕਰ ਕੇ ਨੇੜਲੇ ਸੂਬਿਆਂ ਦੇ ਲੋਕ ਗਰਮੀਆਂ ਦੇ ਮਹੀਨਿਆਂ ਵਿੱਚ ਇੱਥੇ ਖਿੱਚੇ ਚਲੇ ਆਉਂਦੇ ਹਨ। ਹਿਮਾਚਲ ਸਰਕਾਰ ਨੇ ਸੂਬੇ ਦੀ ਕੁਦਰਤੀ ਸੁੰਦਰਤਾ ਅਤੇ ਸਰੋਤਾਂ ਦਾ ਫ਼ਾਇਦਾ ਉਠਾਉਂਦੇ ਹੋਏ ਇਸ ਨੂੰ ਧਨ ਬਣਾਉਣ ਵਾਲੀ ਵਸਤੂ ਵਜੋਂ ਵਰਤਣਾ ਸ਼ੁਰੂ ਕਰ ਦਿੱਤਾ ਹੈ ਤੇ ਇਸ ਨੂੰ ਸੂਬੇ ਦੇ ਆਰਥਿਕ ਵਿਕਾਸ ਦਾ ਨਾਮ ਦਿੱਤਾ ਜਾਣ ਲੱਗਿਆ ਹੈ। ਹਰ ਸੂਬੇ ਲਈ ਆਰਥਿਕ ਵਿਕਾਸ਼ ਜ਼ਰੂਰੀ ਹੈ, ਪਰ ਕੁਦਰਤੀ ਸਰੋਤਾਂ ਨੂੰ ਕਿਵੇਂ ਵਰਤਣਾ ਹੈ ਅਤੇ ਕੁਦਰਤ ਨਾਲ ਕਿਵੇਂ ਤਾਲਮੇਲ ਬਣਾਉਣਾ ਹੈ, ਇਹ ਸਰਕਾਰ ਦੀਆਂ ਯੋਜਨਾਵਾਂ ਉੱਤੇ ਨਿਰਭਰ ਕਰਦਾ ਹੈ।



ਹਿਮਾਚਲ ਪਹਾੜੀ, ਭੂਚਾਲ ਸੰਵੇਦਨਸ਼ੀਲ ਜੰਗਲਾਂ ਅਤੇ ਬਰਫ਼ ਦੀ ਬਹੁਤਾਤ ਵਾਲਾ ਸੂਬਾ ਹੈ। ਇੱਥੇ ਕਿਸੇ ਵੀ ਤਰ੍ਹਾਂ ਦੇ ਵਿਕਾਸ ਤੋਂ ਪਹਿਲਾਂ ਭੂ-ਵਿਗਿਆਨੀਆਂ, ਵਾਤਾਵਰਨ ਮਾਹਿਰਾਂ ਅਤੇ ਸਥਾਨਕ ਲੋਕਾਂ ਦੀ ਰਾਇ ਲੈਣੀ ਬਹੁਤ ਜ਼ਰੂਰੀ ਹੈ, ਪਰ ਹਿਮਾਚਲ ਸਰਕਾਰ ਨੇ ਵਿਕਾਸ ਦੇ ਬਹਾਨੇ ਇੱਥੇ ਫਟਾਫਟ ਸ਼ਿਮਲਾ, ਮਨਾਲੀ, ਕੁੱਲੂ, ਮੰਡੀ, ਧਰਮਸ਼ਾਲਾ, ਡਲਹੌਜ਼ੀ ਵਰਗੇ ਸ਼ਹਿਰਾਂ ਨੂੰ ਜੋੜਨ ਲਈ ਚਾਰ ਮਾਰਗੀ ਸੜਕਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਸ਼ਹਿਰਾਂ ਵਿਚਲੀ ਦੂਰੀ ਘਟਾਉਣ ਲਈ ਸੁਰੰਗਾਂ ਵੀ ਬਣਾ ਲਈਆਂ। ਪਹਾੜੀ ਖੇਤਰ ਵਿੱਚ ਕਿਸੇ ਵੀ ਤਰ੍ਹਾਂ ਦੀ ਉਸਾਰੀ ਤੋਂ ਪਹਿਲਾਂ ਦਰੱਖਤ ਕੱਟਣੇ ਅਤੇ ਪਹਾੜ ਤੋੜਨੇ ਪੈਂਦੇ ਹਨ। ਦਰੱਖ਼ਤਾਂ ਦੀ ਅਣਹੋਂਦ ਕਾਰਨ ਪਹਾੜਾਂ ਤੋਂ ਮਿੱਟੀ ਖੁਰਨ ਦੇ ਨਾਲ-ਨਾਲ ਮਿੱਟੀ ਦੀਆਂ ਢਿੱਗਾਂ ਡਿਗਣ ਲੱਗਦੀਆਂ ਹਨ ਅਤੇ ਦਰੱਖ਼ਤ ਵਿਹੂਣੇ ਪਹਾੜਾਂ ਤੋਂ ਮੀਂਹ ਪੈਣ ਨਾਲ ਪਾਣੀ ਦਾ ਵਹਾਓ ਵੀ ਵੱਧ ਜਾਂਦਾ ਹੈ। ਦੂਜੇ ਪਾਸੇ, ਪਹਾੜਾਂ ਨੂੰ ਵਿਸਫੋਟਕ ਸਮੱਗਰੀ ਦੁਆਰਾ ਉਡਾਏ ਹੋਣ ਨਾਲ ਉਹ ਖੋਖਲੇ ਹੋ ਜਾਂਦੇ ਹਨ ਅਤੇ ਜ਼ਿਆਦਾ ਕਟਾਈ ਹੋਣ ਕਾਰਨ ਆਪਣਾ ਸੰਤੁਲਨ ਗੁਆਉਣ ਕਾਰਨ ਖਿਸਕਣਾ ਸ਼ੁਰੂ ਹੋ ਜਾਂਦੇ ਹਨ। ਨਤੀਜੇ ਵਜੋਂ ਸੜਕਾਂ ਬੰਦ ਹੋ ਜਾਂਦੀਆਂ ਹਨ।

ਇਸ ਲਈ ਹਰ ਸਾਲ ਹਿਮਾਚਲ ਪ੍ਰਦੇਸ਼ ਅਤੇ ਹੋਰ ਪਹਾੜੀ ਸੂਬਿਆਂ ਵਿੱਚ ਪਹਾੜ ਖਿਸਕਣ ਅਤੇ ਢਿੱਗਾਂ ਡਿੱਗਣ ਦੀਆਂ ਘਟਨਾਵਾਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਸਾਲ 2020 ਵਿੱਚ ਸਿਰਫ਼ 16 ਸੀ ਜੋ 2022 ਵਿੱਚ 117 ਹੋ ਗਈ; ਤਿੰਨ ਸਾਲਾਂ ਵਿੱਚ 7 ਗੁਣਾ ਵਾਧਾ। ਜੀਓਲੋਜੀਕਲ ਸਰਵੇ ਆਫ਼ ਇੰਡੀਆ ਅਨੁਸਾਰ ਹਿਮਾਚਲ ਪ੍ਰਦੇਸ਼ ਵਿੱਚ 17,120 ਥਾਵਾਂ ਅਜਿਹੀਆਂ ਹਨ ਜਿੱਥੇ ਪਹਾੜ ਖਿਸਕਣ ਦੀਆਂ ਘਟਨਾਵਾਂ ਵਾਪਰ ਸਕਦੀਆਂ ਹਨ। ਇਨ੍ਹਾਂ ਵਿੱਚੋਂ 675 ਅਜਿਹੀਆਂ ਹਨ ਜੋ ਰਿਹਾਇਸ਼ੀ ਇਮਾਰਤਾਂ ਅਤੇ ਬੁਨਿਆਦੀ ਢਾਂਚੇ ਦੇ ਯੋਗ ਹੀ ਨਹੀਂ ਹਨ।

ਚਾਰ ਮਾਰਗੀ ਸੜਕਾਂ ਤੋਂ ਇਲਾਵਾ ਹਿਮਾਚਲ ਵਿੱਚ ਤੇਜ਼ੀ ਨਾਲ ਲੱਗ ਰਹੇ ਪਣ ਬਿਜਲੀ ਪ੍ਰਾਜੈਕਟ ਦੀ ਕੁਦਰਤੀ ਆਫ਼ਤਾਂ ਦੀ ਮਾਰ ਵਧਾ ਰਹੇ ਹਨ। ਹਿਮਧਾਰਾ ਐਨਵਾਇਰਨਮੈਂਟ ਰਿਸਰਚ ਤੇ ਐਕਸ਼ਨ ਕੁਲੈਕਟਿਵ ਦੇ ਅਧਿਐਨ ਅਨੁਸਾਰ ਭਾਰਤ ਦੇ ਸਾਰੇ ਹਿਮਾਲਿਅਨ ਸੂਬਿਆਂ ਵਿੱਚੋਂ ਪਣ ਬਿਜਲੀ ਵਿਕਾਸ ਦੀ ਗਤੀ ਹਿਮਾਚਲ ਪ੍ਰਦੇਸ਼ ਵਿੱਚ ਸਭ ਤੋਂ ਜ਼ਿਆਦਾ ਹੈ। ਇਕੱਲੇ ਕਿਨੌਰ ਜ਼ਿਲ੍ਹੇ ਵਿੱਚ 53 ਪਣ ਬਿਜਲੀ ਲਗਾਉਣ ਦੀ ਵਿਉਂਤਬੰਦੀ ਹੈ।

ਹਿਮਾਚਲ ਪ੍ਰਦੇਸ਼ ਭੂਚਾਲ ਸੰਵੇਦਨਸ਼ੀਲ ਖੇਤਰ ਵਿੱਚ ਵੀ ਪੈਂਦਾ ਹੈ। ਅਰੇਬੀਅਨ ਅਤੇ ਇੰਡੀਅਨ ਪਲੇਟਾਂ ਭਾਰਤ ਨੂੰ ਲਗਾਤਾਰ ਯੂਰੇਸ਼ੀਅਨ ਪਲੇਟ ਵੱਲ ਧੱਕ ਰਹੀਆਂ ਹਨ ਜਿਸ ਕਾਰਨ ਹਿਮਾਲਿਅਨ ਖੇਤਰਾਂ ਵਿੱਚ ਭੂਚਾਲ ਆਉਣ ਦਾ ਖ਼ਤਰਾ ਹੈ। ਇਸੇ ਸਾਲ ਅਗਸਤ ਮਹੀਨੇ ਹਿਮਾਚਲ ਵਿੱਚ ਚਾਰ ਭੂਚਾਲ ਆਏ। ਅਰਥਕੁਇਕ ਆਰਗੇਨਾਈਜੇਸ਼ਨ ਅਨੁਸਾਰ ਪਿਛਲੇ 10 ਸਾਲਾਂ ਵਿੱਚ ਹਿਮਾਚਲ ਪ੍ਰਦੇਸ਼ ਵਿੱਚ 4 ਸ਼ਿੱਦਤ ਅਤੇ ਇਸ ਤੋਂ ਉੱਤੇ ਦੇ 140 ਭੂਚਾਲ ਆਏ ਹਨ। ਵਿਗਿਆਨੀਆਂ ਦੀਆਂ ਖੋਜਾਂ ਅਨੁਸਾਰ, ਹਿਮਾਲਿਅਨ ਖੇਤਰ ਵਿੱਚ ਕਿਸੇ ਵੇਲੇ ਵੀ ਵੱਡਾ ਭੂਚਾਲ ਆ ਸਕਦਾ ਹੈ ਜਿਹੜਾ 8 ਜਾਂ 8 ਤੋਂ ਵੱਧ ਸ਼ਿੱਦਤ ਵਾਲਾ ਹੋ ਸਕਦਾ ਹੈ।

ਤਾਪਮਾਨ ਦੇ ਵਾਧੇ ਨਾਲ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ। ਹਿਮਾਚਲ ਵਿੱਚ ਗਲੇਸ਼ੀਅਰ ਪਿਘਲਣ ਨਾਲ ਭਾਰੀ ਤਬਾਹੀ ਹੋ ਸਕਦੀ ਹੈ। ਗਲੇਸ਼ੀਅਰ ਪਿਘਲਣ ਨਾਲ ਗਲੇਸ਼ੀਅਰ ਝੀਲਾਂ ਵਿੱਚ ਪਾਣੀ ਦੀ ਮਾਤਰਾ ਤੇਜ਼ੀ ਨਾਲ ਵਧੇਗੀ। ਇਨ੍ਹਾਂ ਵਿੱਚ ਪਾਣੀ ਵੱਧਣ ਨਾਲ ਇਨ੍ਹਾਂ ਦੇ ਫਟਣ ਦਾ ਖ਼ਤਰਾ



ਵੀ ਵਧੇਗਾ ਜਿਸ ਕਾਰਨ ਪਹਾੜੀ ਤੇ ਮੈਦਾਨੀ ਇਲਾਕਿਆਂ ਵਿੱਚ ਅਚਨਚੇਤ ਹੜ੍ਹ ਆਉਣ ਨਾਲ ਭਾਰੀ ਜਾਨੀ ਮਾਲੀ ਨੁਕਸਾਨ ਹੋ ਸਕਦਾ ਹੈ। ਹਿਮਾਚਲ ਵਿੱਚ ਇਸ ਸਾਲ ਮੌਨਸੂਨ ਦੌਰਾਨ ਭਾਰੀ ਮੀਂਹ ਪੈਣ ਨਾਲ ਪੰਜਾਬ ਦੇ ਸਾਰੇ ਜ਼ਿਲ੍ਹੇ ਹੜ੍ਹ ਦੇ ਪਾਣੀ ਨਾਲ ਪ੍ਰਭਾਵਿਤ ਹੋਏ ਹਨ। ਜੇ ਗਲੇਸ਼ੀਅਰ ਝੀਲਾਂ ਫਟਣਗੀਆਂ ਤਾਂ ਹਿਮਾਚਲ ਦੇ ਨਾਲ-ਨਾਲ ਪੰਜਾਬ 'ਤੇ ਵੀ ਅਸਰ ਪਵੇਗਾ।

2023 ਵਿੱਚ ਭਾਰੀ ਮੀਂਹ ਪੈਣ ਅਤੇ ਬਹੁਤ ਜ਼ਿਆਦਾ ਨੁਕਸਾਨ ਹੋਣ ਤੋਂ ਬਾਅਦ ਹਿਮਾਚਲ ਸਰਕਾਰ ਨੇ 10 ਹੈਲੀਪੋਰਟ ਬਣਾਉਣ ਦੀ ਯੋਜਨਾ ਉਲੀਕੀ ਸੀ; ਹੁਣ ਫਿਰ ਸੂਬਾ ਸਰਕਾਰ ਨੇ ਹੜ੍ਹਾਂ ਨਾਲ ਹੋਈ ਭਾਰੀ ਬਰਬਾਦੀ ਤੋਂ ਬਾਅਦ ਰੋਪਵੇਅਜ਼ ਬਣਾਉਣ ਦਾ ਐਲਾਨ ਕਰ ਦਿੱਤਾ ਹੈ। ਸੂਬੇ ਦੇ ਲੋਕ ਅਜੇ ਚਾਰ ਮਾਰਗੀ ਸੜਕਾਂ, ਪਣ-ਬਿਜਲੀ ਪ੍ਰਜੈਕਟਾਂ ਅਤੇ ਸੈਰ ਸਪਾਟੇ ਦੇ ਅਖੌਤੀ ਆਰਥਿਕ ਵਿਕਾਸ ਦੀ ਮਾਰ ਤੋਂ ਹੀ ਨਹੀਂ ਉਭਰੇ ਹਨ ਕਿ ਰੋਪਵੇਅਜ਼ ਦੁਆਰਾ ਆਰਥਿਕ ਵਿਕਾਸ ਦੀ ਨਵੀਂ ਯੋਜਨਾ ਲਿਆਂਦੀ ਹੈ। ਰੋਪਵੇਅਜ਼ ਬਣਾਉਣ ਲਈ ਫਿਰ ਦਰੱਖ਼ਤ ਕੱਟੇ ਜਾਣਗੇ। ਭਾਰੀ ਮਸ਼ੀਨਾਂ ਨਾਲ ਪਹਾੜਾਂ ਉੱਤੇ ਰੋਪਵੇਅਜ਼ 'ਤੇ ਚੱਲਣ ਵਾਲੀਆਂ ਭਾਰੀਆਂ ਟਰਾਲੀਆਂ ਅਤੇ ਲੋਕਾਂ ਦਾ ਭਾਰ ਸੰਭਾਲਣ ਲਈ ਲੋਹੇ ਦੀ ਭਾਰੀ ਮਸ਼ੀਨਰੀ ਲਾਈ ਜਾਵੇਗੀ ਜੋ ਸੰਵੇਦਨਸ਼ੀਲ ਵਾਤਾਵਰਨ ਲਈ ਖ਼ਤਰੇ ਖੜ੍ਹੇ ਕਰੇਗੀ। ਸ਼ਿਮਲੇ ਵਾਲਾ ਰੋਪਵੇਅ ਰਿੱਜ ਅਤੇ ਲੱਕੜ ਬਾਜ਼ਾਰ ਤੋਂ ਹੋ ਕੇ ਗੁਜ਼ਰੇਗਾ, ਪਰ ਰਿਜ਼ ਤੇ ਲੱਕੜ ਬਾਜ਼ਾਰ ਦਾ ਕੁੱਝ ਹਿੱਸਾ 2000 ਵਿੱਚ ਗਰਕਣਾ ਸ਼ੁਰੂ ਹੋ ਗਿਆ ਸੀ। ਰਿੱਜ ਦਾ ਕੁੱਝ ਹਿੱਸਾ 2015 ਤੋਂ 2017 ਵਿੱਚ ਵੀ ਗਰਕਿਆ, 2019 ਵਿੱਚ ਤਾਂ ਰਿੱਜ ਦਾ ਕੁੱਝ ਹਿੱਸਾ 2 ਫੁੱਟ ਤੱਕ ਗਰਕ ਗਿਆ ਸੀ। ਅਜਿਹੇ ਥਾਵਾਂ ਉੱਤੇ ਬਣਾਏ ਜਾਣ ਵਾਲੇ ਰੋਪਵੇਅ ਲੋਕਾਂ ਦੀ ਜਾਨ ਨੂੰ ਖ਼ਤਰੇ ਵਿੱਚ ਪਾ ਸਕਦੇ ਹਨ; ਹਿਮਾਚਲ ਦੀ ਆਪਣੀ ਹੋਂਦ ਵੀ ਖ਼ਤਰੇ ਵਿੱਚ ਪੈ ਸਕਦੀ ਹੈ।

ਜੇ ਹਿਮਾਚਲ ਸਰਕਾਰ ਸੂਬੇ ਨੂੰ ਸਵਿਟਜ਼ਰਲੈਂਡ ਵਰਗੀ ਸੈਰਗਾਹ ਬਣਾਉਣਾ ਚਾਹੁੰਦੀ ਹੈ ਤਾਂ ਇਸ ਨੂੰ ਸਵਿਟਜ਼ਰਲੈਂਡ ਵਰਗੀ ਯੋਜਨਾ ਬਣਾਉਣ ਦੀ ਲੋੜ ਹੈ। ਸਵਿਟਜ਼ਰਲੈਂਡ ਦੇ ਪਹਾੜੀ ਖੇਤਰਾਂ ਵਿੱਚ ਸੜਕਾਂ ਘੱਟ ਚੌੜੀਆਂ ਹੁੰਦੀਆਂ ਹਨ, ਖਾਸ ਥਾਵਾਂ ਉੱਤੇ ਵੱਧ ਤੋਂ ਵੱਧ ਚੌੜਾਈ 4 ਤੋਂ 5 ਮੀਟਰ ਹੁੰਦੀ ਹੈ। ਪਹਾੜੀ ਖੇਤਰਾਂ ਵਿੱਚ ਸੜਕਾਂ ਅਤੇ ਰੇਲਵੇ ਲਾਈਨਾਂ ਬਣਾਉਣ ਲਈ ਉਨ੍ਹਾਂ ਖੇਤਰਾਂ ਦੇ ਪਹਾੜਾਂ ਦੇ ਭਾਰ ਸਹਿਣ ਦੀ ਸਮਰੱਥਾ ਦਾ ਜਾਇਜ਼ਾ ਵਾਤਾਵਰਨ ਮਾਹਿਰਾਂ ਅਤੇ ਭੂ-ਵਿਗਿਆਨੀਆਂ ਦੁਆਰਾ ਕਰਵਾਇਆ ਜਾਂਦਾ ਹੈ। ਸਵਿਟਜ਼ਰਲੈਂਡ ਵਿੱਚ ਕਾਰਾਂ ਰਾਹੀਂ ਬਹੁਤ ਘੱਟ ਲੋਕ ਸਫ਼ਰ ਕਰਦੇ ਹਨ, ਉਨ੍ਹਾਂ ਦਾ ਜਨਤਕ ਰੇਲਵੇ ਆਵਾਜਾਈ ਸਾਧਨ ਬਹੁਤ ਹੀ ਸੁਵਿਧਾਜਨਕ ਅਤੇ ਕੁਸ਼ਲ ਹੈ। ਇਸੇ ਕਰ ਕੇ ਨਾ ਤਾਂ ਚੌੜੀਆਂ ਸੜਕਾਂ ਦੀ ਲੋੜ ਪੈਂਦੀ ਹੈ ਤੇ ਨਾ ਹੀ ਬਹੁਤੀਆਂ ਪਾਰਕਿੰਗ ਥਾਵਾਂ ਦੀ। ਕਈ ਮੁਲਕਾਂ ਵਿੱਚ ਤਾਂ ਪਹਾੜੀ ਖੇਤਰਾਂ ਵਿੱਚ ਨਵੇਂ ਹੋਟਲ ਬਣਾਉਣ ਦੀ ਵੀ ਮਨਾਹੀ ਹੈ। ਅਮਰੀਕਾ ਦੇ ਪਹਾੜੀ ਸ਼ਹਿਰ ਯੂਸੀਮਿਟੀ ਵਿੱਚ ਸਿਰਫ਼ ਚਾਰ ਹੀ ਹੋਟਲ ਹਨ ਅਤੇ ਹੋਰ ਹੋਟਲ ਬਣਾਉਣ ਦੀ ਮਨਾਹੀ ਹੈ। ਇਉਂ ਸੈਲਾਨੀਆਂ ਦੀ ਗਿਣਤੀ ਆਪ-ਮੁਹਾਰੇ ਤੈਅ ਹੋ ਜਾਂਦੀ ਹੈ।

ਹਿਮਾਚਲ ਪ੍ਰਦੇਸ਼ ਵਿੱਚ ਆਰਥਿਕ ਵਿਕਾਸ ਦੇ ਨਾਮ ਉੱਤੇ ਹੋ ਰਹੀ ਤਬਾਹੀ ਨੂੰ ਦੇਖਦੇ ਹੋਏ ਇਸੇ ਸਾਲ ਸੁਪਰੀਮ ਕੋਰਟ ਨੇ ਦੋ ਵਾਰ ਸਰਕਾਰ ਨੂੰ ਹਦਾਇਤ ਦਿੱਤੀ ਹੈ ਕਿ ਸੂਬੇ ਦੇ ਵਿਕਾਸ ਕਾਰਜ ਕੁਦਰਤ ਪੱਖੀ ਹੋਣੇ ਚਾਹੀਦੇ ਹਨ, ਨਹੀਂ ਤਾਂ ਸਮੁੱਚਾ ਹਿਮਾਚਲ ਪ੍ਰਦੇਸ਼ ਭਾਰਤ ਦੇ ਨਕਸ਼ੇ ਤੋਂ ਗਾਇਬ ਹੋ ਸਕਦਾ ਹੈ। ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਪਹਾੜ ਖਿਸਕਣ ਵਾਲੀਆਂ ਅਤੇ ਹੋਰ ਸੰਵੇਦਨਸ਼ੀਲ ਥਾਵਾਂ ਦੀ ਨਿਸ਼ਾਨਦੇਹੀ ਕਰਵਾ ਕੇ ਨਕਸ਼ੇ ਬਣਵਾਏ ਅਤੇ ਉਨ੍ਹਾਂ ਥਾਵਾਂ ਨੂੰ ਉਸਾਰੀ ਦੇ ਨਾ ਕਾਬਿਲ ਖੇਤਰ ਐਲਾਨੇ। ਸਾਰੇ ਜ਼ਿਲ੍ਹਿਆਂ ਨੂੰ ਜੋੜਨ ਲਈ ਸਰਕਾਰ ਨੂੰ ਸੁਵਿਧਾਜਨਕ ਬੱਸ ਸਰਵਿਸ ਮੁਹੱਈਆ ਕਰਵਾਉਣੀ ਚਾਹੀਦੀ ਹੈ।



# ਕਿਸਾਨਾਂ ਦੀ ਆਮਦਨ ਵਧਾਉਣ ਲਈ ਲਾਹੇਵੰਦ ਭਾਅ ਦੇਣੇ ਜ਼ਰੂਰੀ



ਭਗਵਾਨ ਦਾਸ

ਕਿਸਾਨਾਂ ਦੀ ਆਮਦਨ ਘੱਟ ਹੋਣਾ ਬੜਾ ਚਿੰਤਾ ਦਾ ਵਿਸ਼ਾ ਹੈ । ਇਸ ਦੀ ਸਾਲਾਨਾ ਦਰ ਵਧਣੀ ਚਾਹੀਦੀ ਹੈ, ਪਰ ਆਮਦਨ ਵਿੱਚ ਕੋਈ ਵਿਸ਼ੇਸ਼ ਵਾਧਾ ਨਹੀਂ ਹੋ ਰਿਹਾ । ਕਣਕ ਦਾ ਮੁਕਾਬਲਤਨ ਪਿਛਲੇ ਸਾਲਾਂ ਨਾਲੋਂ 160 ਰੁਪਏ ਦਾ ਸਮਰਥਨ ਮੁੱਲ ਵਧਾ ਕੇ 2585 ਰੁਪਏ ਹੋ ਜਾਣ ਦੇ ਬਾਵਜੂਦ ਵੀ ਕਿਸਾਨ ਸੰਤੁਸ਼ਟ ਨਹੀਂ, ਕਿਉਂਕਿ ਖਰਚੇ ਵੱਧ ਗਏ ਹਨ ਤੇ ਉਸ ਮੁਤਾਬਕ ਜਿਣਸਾਂ ਦੀਆਂ ਕੀਮਤਾਂ ਨਹੀਂ ਵਧੀਆਂ । ਕਿਸਾਨ ਯੂਨੀਅਨ ਨੇ ਮੰਗ ਕੀਤੀ ਹੈ ਕਿ ਜਿਣਸਾਂ ਦੀਆਂ ਕੀਮਤਾਂ ਕਿਸਾਨਾਂ ਨੂੰ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਮਿਲਣੀਆਂ ਚਾਹੀਦੀਆਂ ਹਨ, ਜਿਸ ਤੋਂ ਬਿਨਾਂ ਖੇਤੀ ਦਾ ਭਵਿੱਖ ਰੋਸ਼ਨ ਨਹੀਂ ਹੋ ਸਕਦਾ । ਕਿਸਾਨਾਂ ਦੀ ਆਮਦਨ ਵਧਾਉਣ ਲਈ ਜਿਣਸਾਂ ਦੀਆਂ ਕੀਮਤਾਂ ਵਧਾਉਣ ਤੋਂ ਇਲਾਵਾ ਕਈ ਹੋਰ ਵੀ ਚੁਣੌਤੀਆਂ ਸਾਹਮਣੇ ਹਨ, ਜਿਨ੍ਹਾਂ ਨੂੰ ਦੂਰ ਕਰਨਾ ਜ਼ਰੂਰੀ ਹੈ ।

ਸਭ ਤੋਂ ਵੱਡੀ ਚੁਣੌਤੀ ਖੋਜ ਦੀ ਹੈ, ਜਿਸ ਵਿੱਚ ਤਬਦੀਲੀ ਲਿਆਉਣ ਦੀ ਲੋੜ ਹੈ ਅਤੇ ਇਸ ਨੂੰ ਤੇਜ਼ ਕੀਤਾ ਜਾਣਾ ਚਾਹੀਦਾ ਹੈ । ਕਣਕ, ਝੋਨੇ ਦੇ ਯੋਗ ਬਦਲ ਕਿਸਾਨਾਂ ਨੂੰ ਦਿੱਤੇ ਜਾਣ । ਖੋਜ ਕਣਕ ਤੇ ਝੋਨੇ ਤੋਂ ਇਲਾਵਾ ਹੋਰ ਸਮੱਸਿਆਵਾਂ ਅਤੇ ਫ਼ਸਲਾਂ ਸੰਬੰਧੀ ਵੀ ਸਫ਼ਲਤਾ ਤੇ ਮਜ਼ਬੂਤੀ ਨਾਲ ਕੀਤੀ ਜਾਣੀ ਦਰਕਾਰ ਹੈ । ਵਿਸ਼ੇਸ਼ ਕਰਕੇ ਬਾਸਮਤੀ ਦੀ ਗੁਣਵੱਤਾ ਵੱਲ ਖੋਜਕਾਰਾਂ ਦਾ ਵਿਸ਼ੇਸ਼ ਧਿਆਨ ਹੋਣਾ ਚਾਹੀਦਾ ਹੈ, ਜਿਸ ਨਾਲ ਵਿਦੇਸ਼ਾਂ ਦੀ ਮੰਡੀ ਵਿੱਚ ਇਸ ਦਾ ਉੱਚ ਮੁੱਲ ਮਿਲ ਸਕੇ ਅਤੇ ਕਿਸਾਨਾਂ ਨੂੰ ਇਸ ਦੀ ਲਾਹੇਵੰਦ ਕੀਮਤ ਮਿਲੇ । ਖੋਜਕਾਰਾਂ ਵੱਲੋਂ ਬਾਗਬਾਨੀ, ਸਬਜ਼ੀਆਂ ਦੀ ਕਾਸ਼ਤ, ਤੇਲ ਬੀਜ, ਦਾਲ ਫ਼ਸਲਾਂ, ਪਸ਼ੂ ਪਾਲਣ ਅਤੇ ਮੱਛੀਆਂ ਆਦਿ ਦੀ ਖੋਜ ਅਤੇ ਪੈਦਾਵਾਰ ਵੱਲ ਵਧੇਰੇ ਧਿਆਨ ਦਿੱਤੇ ਜਾਣ ਦੀ ਲੋੜ ਹੈ, ਤਾਂ ਜੋ ਇਨ੍ਹਾਂ ਖੇਤਰਾਂ ਦੇ ਕਿਸਾਨਾਂ ਦੀ ਆਮਦਨ ਵਧੇ ਤੇ ਫ਼ਸਲੀ ਵਿਭਿੰਨਤਾ ਵਿੱਚ ਵੀ ਸਫ਼ਲਤਾ ਮਿਲੇ ।

ਪਿਛਲੇ ਦੋ ਸਾਲਾਂ ਵਿੱਚ ਮਾਰਚ ਵਿੱਚ ਜ਼ਿਆਦਾ ਤਪਸ਼ ਰਹਿਣ ਕਾਰਨ ਕਣਕ ਦੀ ਫ਼ਸਲ 'ਤੇ ਪ੍ਰਭਾਵ ਪਿਆ ਹੈ । ਇਸ ਸਾਲ ਬਾਰਿਸ਼ਾਂ ਤੇ ਹੜ੍ਹਾਂ ਨਾਲ ਝੋਨੇ, ਬਾਸਮਤੀ ਦੀ ਝਾੜ ਵੀ ਘਟਿਆ ਹੈ । ਮਾਹਿਰਾਂ ਅਨੁਸਾਰ 2050 ਤੱਕ ਤਪਸ਼ 1-2 ਡਿਗਰੀ ਸੈਲਸੀਅਸ ਵੱਧਣ ਦੀ ਸੰਭਾਵਨਾ ਹੈ । ਖੋਜ ਵਿੱਚ ਭਵਿੱਖ ਦੇ ਵਾਤਾਵਰਨ ਨੂੰ ਧਿਆਨ ਵਿੱਚ ਰੱਖਣਾ ਪਵੇਗਾ । ਕਿਸਾਨਾਂ ਵੱਲੋਂ ਵਰਤੀਆਂ ਜਾ ਰਹੀਆਂ ਤਕਨੀਕਾਂ ਵਿੱਚ ਤਬਦੀਲੀ ਲਿਆਉਣੀ ਪਵੇਗੀ । ਝੋਨੇ ਦੀ ਫ਼ਸਲ ਵਿੱਚ ਮਤਵਾਤਰ ਪਾਣੀ ਖੜ੍ਹਾ ਰੱਖਣ ਦੀ ਪ੍ਰਥਾ ਨੂੰ ਮਾਹਿਰਾਂ ਦੀਆਂ ਸਿਫ਼ਾਰਸ਼ਾਂ ਅਨੁਸਾਰ ਤਿਲਾਂਜਲੀ ਦੇਣੀ ਪਵੇਗੀ ਅਤੇ ਪਾਣੀ ਦੀ ਵਧੇਰੇ ਬਚਤ ਵਾਲੇ ਤੁਪਕਾਂ ਤੇ ਛਿੜਕਾਅ ਸਿੰਜਾਈ ਆਦਿ ਸਾਧਨ ਅਪਨਾਉਣੇ ਪੈਣਗੇ । ਚੌਲਾਂ ਦੇ ਵਿਸ਼ਵ ਪ੍ਰਸਿੱਧ ਮਾਹਿਰ ਡਾ. ਗੁਰਦੇਵ ਸਿੰਘ ਖੁਸ਼ ਨੇ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਨੂੰ ਸਲਾਹ ਦਿੱਤੀ ਸੀ ਕਿ ਵੱਡੇ ਕਿਸਾਨਾਂ ਨੂੰ ਬਿਜਲੀ ਦੀ ਮੁਫਤ ਸਹੂਲੀਅਤ ਬੰਦ ਕੀਤੀ ਜਾਵੇ, ਜਿਸ ਨਾਲ ਪਾਣੀ ਦੀ ਬਚਤ ਹੋਵੇਗੀ । ਭਾਵੇਂ ਛੋਟੇ ਤੇ ਸੀਮਾਂਤ ਕਿਸਾਨਾਂ ਨੂੰ ਇਹ ਸਹੂਲੀਅਤ ਉਪਲਬਧ ਰਹੇ । ਡਾ. ਸਰਦਾਰਾ ਸਿੰਘ ਜੌਹਲ ਵੱਲੋਂ ਇਸ ਸੰਬੰਧੀ ਜ਼ੋਰ ਦੇਣ ਦੇ ਬਾਵਜੂਦ ਰਾਜਨੀਤਕ ਕਾਰਨਾਂ ਕਰਕੇ ਇਹ ਸੁਝਾਅ ਅਮਲ ਵਿੱਚ ਨਹੀਂ ਲਿਆਂਦਾ ਜਾ ਸਕਿਆ ।

ਕਿਸਾਨ ਫ਼ਸਲਾਂ ਨੂੰ ਲੋੜੋਂ ਵੱਧ ਨਾਈਟ੍ਰੋਜਨ ਪਾ ਰਹੇ ਹਨ, ਜਿਸ ਨਾਲ ਵਾਤਾਵਰਨ ਤੇ ਪਾਣੀ ਦੇ ਦੂਸ਼ਿਤ ਹੋਣ ਦੀਆਂ ਸਮੱਸਿਆਵਾਂ ਵੀ ਪੈਦਾ ਹੁੰਦੀਆਂ ਹਨ । ਹਾੜੀ ਦੀ ਮੁੱਖ ਫ਼ਸਲ ਕਣਕ ਵਿੱਚ ਪੀ. ਏ. ਯੂ. ਵੱਲੋਂ ਕੀਤੀ ਗਈ 110 ਕਿਲੋ ਪ੍ਰਤੀ ਏਕੜ ਯੂਰੀਆ ਪਾਉਣ ਦੀ ਸਿਫ਼ਾਰਸ਼ ਦੀ ਬਜਾਏ ਕਿਸਾਨ 225 ਕਿਲੋ ਪ੍ਰਤੀ ਏਕੜ ਤੱਕ ਵੀ ਯੂਰੀਆ ਫ਼ਸਲ ਨੂੰ ਪਾ ਰਹੇ ਹਨ । ਕਣਕ ਪੰਜਾਬ ਵਿੱਚ 35-36 ਲੱਖ ਹੈਕਟੇਅਰ ਰਕਬੇ ਅਤੇ ਭਾਰਤ ਵਿੱਚ ਲਗਭਗ 3 ਕਰੋੜ ਹੈਕਟੇਅਰ ਰਕਬੇ 'ਤੇ ਕਾਸ਼ਤ ਕੀਤੀ ਜਾਂਦੀ ਹੈ । ਭਾਵੇਂ ਭਾਰਤ ਸਰਕਾਰ ਨੇ ਥੈਲੇ ਵਿੱਚ 50 ਕਿਲੋ ਯੂਰੀਆ ਪਾਉਣ ਦੀ ਬਜਾਏ 45 ਕਿਲੋ ਯੂਰੀਆ ਪੈਕ ਕਰਨਾ ਸ਼ੁਰੂ ਕਰ ਦਿੱਤਾ ਹੈ, ਤਾਂ ਜੋ ਇਸ ਦੀ ਖਪਤ ਘੱਟ ਸਕੇ, ਜਦਕਿ ਅਜਿਹਾ ਨਹੀਂ ਹੋਇਆ । ਅਜੇ ਕਣਕ ਦੀ ਬਿਜਾਈ ਸ਼ੁਰੂ ਹੋਣ ਵਿੱਚ ਤਿੰਨ ਹਫ਼ਤੇ ਤੋਂ ਵੱਧ ਦਾ ਸਮਾਂ ਪਿਆ ਹੈ (ਭਾਵੇਂ ਬਿਜਾਈ ਜ਼ੋਰ ਨਵੰਬਰ ਵਿੱਚ ਫੜੇਗੀ) ਪਰ ਕਿਸਾਨ ਹੁਣੇ ਤੋਂ ਹੀ ਡੀ. ਏ. ਪੀ. ਤੇ ਯੂਰੀਏ ਦਾ ਪ੍ਰਬੰਧ ਕਰਨ ਲਈ ਇੱਧਰ-ਉੱਧਰ ਫਿਰ ਰਹੇ ਹਨ । ਕਿਸਾਨਾਂ ਨੂੰ ਇਹ ਖਾਦ ਲੈਣ ਲਈ ਹਰ ਖੇਤੀ ਸਮੱਗਰੀ ਜਿਵੇਂ ਕਿ ਕੀਟਨਾਸ਼ਕ ਤੇ ਹੋਰ ਦਵਾਈਆਂ ਵਗੈਰਾਂ ਖਾਦਾਂ ਦੇ ਨਾਲ ਖਰੀਦਣੀਆਂ ਪੈਂਦੀਆਂ ਹਨ, ਜਿਸ ਨੂੰ ਬੰਦ ਕਰਨ ਲਈ ਸਰਕਾਰ ਪੂਰਾ ਉਪਰਾਲਾ ਕਰ ਰਹੀ ਹੈ ਪਰ ਫਿਰ ਵੀ ਇਹ ਵੱਡੇ ਪੱਧਰ 'ਤੇ ਜਾਰੀ ਹੈ ।

ਝੋਨੇ ਦੀ ਕਾਸ਼ਤ ਹੇਠ ਰਕਬਾ ਘਟਾ ਕੇ ਵਿਭਿੰਨਤਾ ਲਿਆਉਣ ਦੀ ਲੋੜ ਹੈ । ਪਰ ਇਹ ਰਕਬਾ ਘਟਣ ਦੀ ਬਜਾਏ ਵੱਧ ਰਿਹਾ ਹੈ, ਜੋ 31 ਲੱਖ ਹੈਕਟੇਅਰ ਨੂੰ ਛੂਹ ਗਿਆ । ਬਾਸਮਤੀ ਤੋਂ ਇਲਾਵਾ ਝੋਨੇ ਦੇ ਯੋਗ ਬਦਲ, ਜਿਨ੍ਹਾਂ ਨੇ ਅਪਣਾਇਆ ਝੋਨੇ ਜਿੰਨੀ ਆਮਦਨ ਹੋਵੇ, ਖੋਜ ਰਾਹੀਂ ਕਿਸਾਨਾਂ ਨੂੰ ਦਿੱਤੇ ਜਾਣ ਦੀ ਹੈ । ਭਾਰਤ ਤੇਲ ਬੀਜ ਤੇ ਖਾਦਾਂ ਦਰਾਮਦ ਕਰ ਰਿਹਾ ਹੈ । ਇਸ ਲਈ ਇਨ੍ਹਾਂ ਫ਼ਸਲਾਂ ਦੀ ਕਾਸ਼ਤ ਵਧਾਉਣ ਦੀ ਲੋੜ ਹੈ । ਕਿਸਾਨਾਂ ਦੇ ਖਰਚੇ ਵੱਧ ਰਹੇ ਹਨ, ਆਮਦਨ ਘੱਟ ਰਹੀ ਹੈ ਤੇ ਉਤਪਾਦਕਤਾ ਵਿੱਚ ਖੜ੍ਹੋਤ ਆ ਰਹੀ ਹੈ । ਇਸ ਸਾਲ ਝੋਨੇ ਤੇ ਬਾਸਮਤੀ ਦਾ ਉਤਪਾਦਨ ਤੇ ਉਤਪਾਦਕਤਾ ਘੱਟ ਹੋਣ ਦੀ ਸੰਭਾਵਨਾ ਹੈ, ਜਿਸ ਨਾਲ ਕਿਸਾਨਾਂ ਦੀ ਆਮਦਨ ਪ੍ਰਭਾਵਿਤ ਹੋਵੇਗੀ । ਰਾਜ ਦੇ ਕਿਸਾਨਾਂ ਸਿਰ 2 ਲੱਖ ਤੋਂ ਵੱਧ ਪ੍ਰਤੀ ਘਰ ਕਰਜ਼ਾ ਹੈ, ਜਦਕਿ ਭਾਰਤ ਵਿੱਚ ਇਹ ਅੰਕੜਾ 74,000 ਰੁਪਏ ਦੇ ਕਰੀਬ ਹੈ । ਇੱਕ ਕੌਮੀਕਰਨ ਬੈਂਕ ਦੇ ਪਿੰਡ ਦੀ ਬਰਾਂਚ ਦੇ ਮੈਨੇਜਰ ਨੇ ਦੱਸਿਆ ਕਿ ਉਸ ਬੈਂਕ ਤੋਂ ਸਾਰੇ ਪਿੰਡ ਦੇ ਘਰਾਂ ਨੇ ਕਰਜ਼ਾ ਲਿਆ ਹੋਇਆ ਹੈ ਤੇ ਜਦੋਂ ਤੱਕ ਉਹ ਪਿਛਲਾ ਕਰਜ਼ਾ ਵਾਪਸ ਨਹੀਂ ਕਰਦੇ, ਬੈਂਕ ਅੱਗੇ ਕਰਜ਼ਾ ਨਹੀਂ ਦਿੰਦਾ, ਇਸ ਲਈ ਕਿਸਾਨਾਂ ਨੂੰ ਮੁਸ਼ਕਿਲ ਆਉਂਦੀ ਹੈ । ਫ਼ਸਲਾਂ ਦੀ ਕਾਸ਼ਤ ਲਈ ਕਿਸਾਨਾਂ ਨੂੰ ਕਈ ਤਰ੍ਹਾਂ ਦੀ ਸਮੱਗਰੀ ਪਹਿਲਾਂ ਲੈਣੀ ਪੈਂਦੀ ਹੈ, ਜਦੋਂ ਕਿ ਕਿਸਾਨਾਂ ਨੂੰ ਪਿਛਲੀ ਵੇਚੀ ਫ਼ਸਲ ਦੇ ਪੈਸੇ ਬਾਅਦ ਵਿੱਚ ਮਿਲਦੇ ਹਨ । ਕਿਸਾਨਾਂ ਨੂੰ ਆੜ੍ਹਤੀਏ ਜਾਂ ਵੱਡੇ ਜ਼ਿਮੀਂਦਾਰਾਂ ਤੋਂ ਕਰਜ਼ਾ ਲੈਣ ਜਾਣਾ ਪੈਂਦਾ ਹੈ ।

ਕਿਸਾਨਾਂ ਦੀ ਆਮਦਨ ਇਸ ਲਈ ਵੀ ਘੱਟ ਹੈ ਕਿ ਵਧੇਰੇ ਕਿਸਾਨਾਂ ਦੇ ਖੇਤ ਛੋਟੇ ਹਨ, ਵਰਤਮਾਨ ਹਾਲਾਤ ਵਿੱਚ ਇਹ ਖੇਤੀ ਵਿਹਾਰਕ ਨਹੀਂ । ਕੋਈ ਕੋਆਪ੍ਰੇਟਿਵ ਫਾਰਮਿੰਗ ਜਿਹੀ ਵਿਧੀ ਨਹੀਂ ਹੈ, ਜੋ ਇਸ ਸਮੱਸਿਆ ਨੂੰ ਹੱਲ ਕਰ ਸਕੇ । ਕਿਸਾਨਾਂ ਦੇ ਕਰਜ਼ੇ ਖ਼ਤਮ ਕਰਨ ਲਈ ਵੀ ਕੋਈ ਹੰਢਣਸਾਰ ਯੋਜਨਾ ਬਣਾਉਣ ਦੀ ਲੋੜ ਹੈ, ਜਿਸ ਲਈ ਉਨ੍ਹਾਂ ਦੀ ਆਮਦਨ ਵਧਾਉਣੀ ਪਵੇਗੀ । ਉਨ੍ਹਾਂ ਦੀ ਉਤਪਾਦਕਤਾ ਤੇ ਉਤਪਾਦਨ ਵਧਾ ਕੇ ਹੀ ਖੇਤੀ ਲਾਹੇਵੰਦ ਬਣਾਈ ਜਾ ਸਕਦੀ ਹੈ ।

# ਫਲ ਸਬਜ਼ੀਆਂ ਦੀ ਪ੍ਰੋਸੈਸਿੰਗ ਕਰਕੇ ਪੇਅ ਬਣਾਉਣ ਦੀ ਤਕਨੀਕ - ਇੱਕ ਵਰਦਾਨ

ਰਿਚਾ ਅਰੋੜਾ ਅਤੇ ਕੇਸ਼ਾਨੀ, ਮਾਈਕਰੋਬਾਇਆਲੋਜੀ ਵਿਭਾਗ,
ਪੀ. ਏ. ਯੂ., ਲੁਧਿਆਣਾ (ਮੋ. 84278-66334)



ਪੰਜਾਬ ਸੂਬਾ ਮੁੱਖ ਤੌਰ ਤੇ ਫਲ ਉਤਪਾਦਕ ਸੂਬੇ ਵਜੋਂ ਜਾਣਿਆ ਜਾਂਦਾ ਹੈ । ਇਸ ਸੂਬੇ ਵਿੱਚ ਕਿੰਨੂ, ਅਮਰੂਦ, ਅੰਬ, ਬੇਰ, ਅੰਗੂਰ, ਲੀਚੀ, ਆੜੂ ਆਦਿ ਫਲ ਕਾਫੀ ਮਾਤਰਾ ਵਿੱਚ ਪਾਏ ਜਾਂਦੇ ਹਨ । ਤੁੜਾਈ ਉਪਰੰਤ ਇਹਨਾਂ ਫਲਾਂ ਦੀ ਮੰਡੀ ਵਿੱਚ ਬਹੁਤਾਤ ਕਾਰਨ ਇਸਦਾ ਵਾਜਬ ਮੁੱਲ ਨਹੀਂ ਮਿਲਦਾ । ਇਸ ਤੋਂ ਇਲਾਵਾ ਫਲਾਂ ਦੇ ਛੇਤੀ ਖਰਾਬ ਹੋਣ ਦੇ ਕਾਰਨ ਇਸ ਵਿੱਚ ਤੁੜਾਈ, ਭੰਡਾਰਨ ਅਤੇ ਢੋਆ-ਢੋਆਈ ਸਮੇਂ ਜੀਵਾਣੂਆਂ ਵੱਲੋਂ ਵੀ ਚੋਖੀ ਖੇਪ ਖਰਾਬ ਕੀਤੀ ਜਾਂਦੀ ਹੈ । ਇਹਨਾਂ ਜੀਵਾਣੂਆਂ ਦੁਆਰਾ ਕਈ ਉੱਲੀਆਂ ਅਤੇ ਜ਼ਹਿਰੀਲੇ ਤੱਤ ਜਿਵੇਂ ਮਾਈਕੋਟੋਕਸਿਨ ਤਿਆਰ ਕੀਤੇ ਜਾਂਦੇ ਹਨ ਜੋ ਕਿ ਮਨੁੱਖੀ ਸਿਹਤ ਲਈ ਬਹੁਤ ਘਾਤਕ ਹੁੰਦੇ ਹਨ ਜਦਕਿ ਖਪਤਕਾਰ ਤਾਜ਼ਾ ਅਤੇ ਜੀਵਾਣੂਆਂ ਤੋਂ ਮੁਕਤ ਫਲ, ਸਬਜ਼ੀਆਂ ਖਾਣਾ ਚਾਹੁੰਦਾ ਹੈ ਅਤੇ ਘੱਟ ਤੋਂ ਘੱਟ ਰਸਾਇਣ ਯੁਕਤ ਭੋਜਨ ਪਦਾਰਥ ਪ੍ਰਾਪਤ ਕਰਨਾ ਚਾਹੁੰਦਾ ਹੈ । ਉਪਰੋਕਤ ਲੋੜਾਂ ਨੂੰ ਧਿਆਨ ਵਿੱਚ ਰਖਦਿਆਂ ਹੋਇਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਇਕ੍ਰੋਬਾਇਆਲੋਜੀ ਵਿਭਾਗ ਵੱਲੋਂ ਕੁਦਰਤੀ ਰੂਪ ਵਿੱਚ ਘੱਟ ਅਲਕੋਹਲ ਵਾਲੀ ਕਾਰਬੋਨੇਟਿਡ ਪੇਅ ਪਦਾਰਥ ਤਿਆਰ ਕਰਨ ਦੀ ਵਿਧੀ ਤਿਆਰ ਕੀਤੀ ਹੈ ਜੋ ਕਿ ਆਰਥਿਕ ਪੱਖੋਂ ਬਹੁਤ ਹੀ ਅਨੁਕੂਲ ਤਕਨੀਕ ਹੈ । ਇਸ ਵਿਧੀ ਨਾਲ ਅਸੀਂ ਫਲਾਂ ਦੀ ਪੌਸ਼ਟਿਕਤਾ ਵੀ ਹਾਸਲ ਕਰ ਸਕਦੇ ਹਾਂ ਅਤੇ ਪ੍ਰੋਸੈਸਿੰਗ ਕਰਕੇ ਚੋਖਾ ਮੁਨਾਫਾ ਵੀ ਕਮਾ ਸਕਦੇ ਹਾਂ ।

ਵਿਭਾਗ ਵੱਲੋਂ ਇਹ ਤਕਨਾਲੋਜੀ ਕਿੰਨੂ, ਸੰਤਰਾਂ, ਗਰੇਪਫਰੂਟ, ਪਾਈਨੈਪਲ, ਅਲੂਚਾ ਅਤੇ ਅਮਰੂਦ ਲਈ ਸਿਫ਼ਾਰਸ਼ ਕੀਤੀ ਹੈ । ਜਿਸ ਵਿੱਚ ਕਿੰਨੂ ਅਤੇ ਨਿੰਬੂ ਤੋਂ ਘੱਟ ਅਲਕੋਹਲ ਵਾਲੀ ਕਾਰਬੋਨੇਟਿਡ ਪੇਅ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਪ੍ਰਵਾਨਗੀ ਦਿੱਤੀ ਗਈ ਹੈ । ਫਲਾਂ ਦੇ ਰਸ ਤੋਂ ਖਮੀਰ ਨਾਲ ਅਲਕੋਹਲ ਰਹਿਤ ਕਾਰਬੋਨੇਟਡ ਪੇਅ ਦੇ ਉਤਪਾਦਨ ਲਈ ਵਿਭਾਗ ਨੂੰ ਜਕਾ ਭਾਰਤੀ ਪੇਟੇਂਟ ਵੀ ਮਿਲਿਆ ਹੈ ।

ਇਹਨਾਂ ਤੋਂ ਪ੍ਰਾਪਤ ਪੇਅ ਪਦਾਰਥ ਮਾਰਕੀਟ ਵਿੱਚ ਹੋਰ ਉਪਲੱਬਧ ਪੇਅ ਪਦਾਰਥਾਂ ਤੋਂ ਕਈ ਗੁਣਾ ਚੰਗੇ ਹਨ । ਇਸ ਵਿਧੀ ਰਾਹੀਂ ਪਤਲੇ ਜੂਸ ਨੂੰ ਖਮੀਰੀਕਰਨ ਰਾਹੀਂ ਘਰ ਦੇ ਤਾਪਮਾਨ ਤੇ ਪ੍ਰੋਸੈਸ ਕੀਤਾ ਜਾਂਦਾ ਹੈ ਅਤੇ ਘੱਟ ਤਾਪਮਾਨ ਵਿੱਚ ਸਟੋਰ ਕਰ ਲਿਆ ਜਾਂਦਾ ਹੈ । ਇਹਨਾਂ ਪੇਅ ਪਦਾਰਥਾਂ ਨੂੰ ਤਿੰਨ ਮਹੀਨੇ ਤੱਕ ਫਰਿੱਜ ਵਿੱਚ ਸੰਭਾਲਿਆ ਜਾ ਸਕਦਾ ਹੈ । ਵਿਸ਼ੇਸ਼ ਗੱਲ ਇਹ ਹੈ ਕਿ ਖਮੀਰੀਕਰਨ ਨਾਲ ਤਿਆਰ ਕੀਤੇ ਇਹਨਾਂ ਪੇਅ ਪਦਾਰਥਾਂ ਵਿੱਚ ਵੱਖ-ਵੱਖ ਸਵਾਦ ਅਨੁਸਾਰ ਜ਼ਾਇਕੇ ਵੀ ਸ਼ਾਮਲ ਕੀਤੇ ਜਾ ਸਕਦੇ ਹਨ । ਇਸ ਵਿਧੀ ਰਾਹੀਂ ਅਸੀਂ ਪੇਅ ਪਦਾਰਥ ਛੋਟੇ ਅਤੇ ਵਪਾਰਕ ਪੱਧਰ ਤੇ ਵੀ ਤਿਆਰ ਕਰ ਸਕਦੇ ਹਾਂ । ਜੂਸਾਂ ਨੂੰ ਉਬਾਲਣ ਉਪਰੰਤ ਇਸ ਵਿੱਚ ਸ਼ੱਕਰ ਪਾਈ ਜਾਂਦੀ ਹੈ ਅਤੇ ਇਸਨੂੰ ਰਿਫਰੈਕਟੋਮੀਟਰ ਜਾਂ ਹਾਈਡ੍ਰੋਮੀਟਰ ਨਾਲ ਪਰਖਿਆ ਜਾਂਦਾ ਹੈ । ਇਸ ਉਪਰੰਤ ਪ੍ਰਾਪਤ ਜੂਸ ਨੂੰ ਸ਼ੀਸ਼ੇ ਦੇ ਬਰਤਨਾਂ ਵਿੱਚ ਪਾਇਆ ਜਾਂਦਾ ਹੈ ।

ਇਸ ਸੰਬੰਧੀ ਵਿਭਾਗ ਵੱਲੋਂ ਯੂਨੀਵਰਸਿਟੀ ਦੇ ਹੁਨਰ ਵਿਕਾਸ ਕੇਂਦਰ ਵਿੱਚ ਸਿਖਲਾਈ ਵੀ ਦਿੱਤੀ ਜਾਂਦੀ ਹੈ ਅਤੇ ਆਪਣੇ ਪੱਧਰ ਤੇ ਕਾਰੋਬਾਰ ਸਥਾਪਿਤ ਕਰਨ ਲਈ ਇਸ ਤਕਨਾਲੋਜੀ ਨੂੰ ਕੋਈ ਵੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ 40,000/- ਰੁਪਏ ਵਿੱਚ ਲੈ ਕੇ ਆਪਣਾ ਕੰਮ ਵੀ ਆਰੰਭ ਕਰ ਸਕਦਾ ਹੈ ।

# ਕੱਤਕ ਮਹੀਨੇ ਆਵਣ ਕੂੰਜਾਂ



**ਵਿਸ਼ਵ ਦੇ ਸਭ ਤੋਂ ਠੰਢੇ ਇਲਾਕਿਆਂ ਸਾਈਬੇਰੀਆ, ਕਾਲਾ ਸਾਗਰ, ਯੂਰੇਸ਼ੀਆ, ਮੰਗੋਲੀਆ ਅਤੇ ਚੀਨ ਦੀਆਂ ਜੱਦੀ ਵਸਨੀਕ ਕੂੰਜਾਂ ਅਤੇ ਵੱਖ-ਵੱਖ ਕਿਸਮਾਂ ਦੇ ਰੰਗ ਬਿਰੰਗੇ, ਸੋਹਣੇ ਮਨਮੋਹਨੇ ਪਰਵਾਸੀ ਪੰਛੀ ਹਜ਼ਾਰਾਂ ਦੀ ਗਿਣਤੀ ਵਿਚ ਲੰਬੀਆਂ ਡਾਰਾਂ ਬੰਨ੍ਹ ਕੇ ਹਿਮਾਲੀਆ ਲੜੀ ਦੇ 26 ਹਜ਼ਾਰ ਫੁੱਟ ਉੱਚੇ ਵਿਸ਼ਾਲ ਪਰਬਤਾਂ ਨੂੰ ਪਾਰ ਕਰ ਲੰਬੇਰੇ ਰਾਹ ’ਚ ਆਈਆਂ ਅਨੇਕਾਂ ਔਕੜਾ ਦਾ ਸਾਹਮਣਾ ਕਰਕੇ ਹਰ ਪਾਸੇ ਉਡਾਰੀਆਂ ਮਾਰਦੇ, ਵੰਨ ਸੁਵੰਨੀਆਂ ਅਤੇ ਸੁਰੀਲੀ ਆਂ ਆਵਾਜ਼ਾਂ ਨਾਲ ਵਾਤਾਵਰਨ ’ਚ ਸੰਗੀਤ ਘੋਲਦੇ ਨਜ਼ਰ ਆਉਣ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਕੱਤਕ ਮਹੀਨੇ ਦੀ ਸ਼ੁਰੂਆਤ ਹੋ ਗਈ ਹੈ । ਜਦੋਂ ਪੰਜਾਬ ਵਿਚ ਭਰ ਜਵਾਨ ਹੋਇਆ ਝੋਨਾ, ਕਪਾਹ ਅਤੇ ਨਰਮੇ ਨੂੰ ਖਿੜੇ ਚਿੱਟੇ-ਚਿੱਟੇ ਨਜ਼ਰੀ ਪੈਣ ਤਾਂ ਪਤਾ ਲੱਗ ਜਾਂਦਾ ਹੈ ਕਿ ਕੱਤਕ ਮਹੀਨੇ ਨੇ ਸਾਡੇ ਬੂਹਿਆਂ ’ਤੇ ਦਸਤਕ ਦੇ ਦਿੱਤੀ ਹੈ ।**

ਕੱਤਕ ਮਹੀਨੇ ਨੂੰ ਕੱਤਾ ਅਤੇ ਕੱਤੇ ਵੀ ਕਹਿ ਲਿਆ ਜਾਂਦਾ ਹੈ । ਕੱਤਕ ਮਹੀਨੇ ਨੂੰ ਹਿੰਦੀ ਅਤੇ ਹੋਰ ਭਾਸ਼ਾਵਾਂ ਵਿਚ ‘ਕਾਰਤਿਕ‘ ਵੀ ਕਿਹਾ ਜਾਂਦਾ ਹੈ । ਇਸ ਮਹੀਨੇ ਨੂੰ ਅੰਗਰੇਜ਼ੀ ਵਿਚ ‘ਪਲੀਅਡੀਜ਼‘ ਕਹਿੰਦੇ ਹਨ, ਇਸੇ ਤਰ੍ਹਾਂ ਫਾਰਸੀ ਵਿਚ ਕੱਤਕ ਨੂੰ ‘ਪਰਵੀਨ‘ ਅਤੇ ਅਰਬੀ ਭਾਸ਼ਾ ਵਿਚ ‘ਸੋਰਯਾ‘ ਕਹਿੰਦੇ ਹਨ ।

ਕੱਤਕ ਮਹੀਨੇ ਬਾਰੇ ਬਾਬਾ ਸ਼ੇਖ ਫਰੀਦ ਜੀ ਨੇ ਲਿਖਿਆ ਹੈ

‘‘ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ ।‘‘

ਗੁਰੂ ਨਾਨਕ ਦੇਵ ਹੀ ਨੇ ਆਪਣੀ ਬਾਣੀ ਵਿਚ ਕੱਤਕ ਮਹੀਨੇ ਬਾਰੇ ਲਿਖਿਆ ਹੈ-

‘ਕਤਿਕ ਕਿਰਤੁ ਪਇਆ ਜੋ ਪ੍ਰਭ ਭਾਇਆ‘

ਭਾਈ ਗੁਰਦਾਸ ਜੀ ਨੇ ਕੱਤਕ ਮਹੀਨੇ ਬਾਰੇ ਲਿਖਿਆ ਹੈ :

‘ਕਾਰਤਮ ਮਾਸ ਰੁਤਿ ਸਰਦ ਪੂਰਨਮਾਸੀ ॥<br>
ਆਠ ਜਾਮ ਸਾਇ ਘਰੀ ਆਜੁ ਤੇਰੀ ਬਾਰੀ ਹੈ ॥‘

ਕੱਤਕ ਮਹੀਨੇ ਕੂੰਜਾਂ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਹੋਰ ਪਰਵਾਸੀ ਪੰਛੀਆਂ ਦੇ ਆਉਣ ਨਾਲ ਹੀ ਉਨ੍ਹਾਂ ਵਿਆਹੁਤਾ ਮੁਟਿਆਰਾਂ ਨੂੰ ਆਪਣੇ ਕੰਤ ਦੇ ਆਉਣ ਦੀ ਉਡੀਕ ਵੀ ਸ਼ੁਰੂ ਹੋ ਜਾਂਦੀ ਹੈ, ਜਿਨ੍ਹਾਂ ਦੇ ਕੰਤ ਰੋਜ਼ੀ ਰੋਟੀ ਦੇ ਜੁਗਾੜ ਲਈ ਸੱਤ ਸਮੁੰਦਰ ਪਾਰ ਪਰਦੇਸ ਉਡਾਰੀ ਮਾਰ ਗਏ ਹੁੰਦੇ ਹਨ । ਅਕਸਰ ਹੀ ਵੱਡੀ ਗਿਣਤੀ ਪਰਵਾਸੀ ਪੰਜਾਬੀ ਦੀਵਾਲੀ ਮੌਕੇ ਆਪਣੇ ਵਤਨ ਪੰਜਾਬ ਗੇੜਾ ਮਾਰਦੇ ਹਨ । ਬਿਰਹੋਂ ਦੀ ਅਗਨੀ ਵਿਚ ਤੜਫਦੀਆਂ ਜੋਬਨਵੰਤੀਆਂ ਮੁਟਿਆਰਾਂ ਦੇ ਕੰਤ ਜਦੋਂ ਕੱਤਕ ਮਹੀਨੇ ਉਨ੍ਹਾਂ ਕੋਲ ਆ ਜਾਂਦੇ ਹਨ ਤਾਂ ਉਨ੍ਹਾਂ ਦੀ ਜ਼ਿੰਦਗੀ ਵਿਚ ਰੌਸ਼ਨੀ ਹੋ ਜਾਂਦੀ ਹੈ ।

ਕੱਤਕ ਮਹੀਨੇ ਮਾਲਵਾ ਇਲਾਕੇ ਦੇ ਅਬੋਹਰ ਅਤੇ ਹੋਰ ਇਲਾਕਿਆਂ ਵਿਚ ਮੁਸੰਮੀ ਦੇ ਬੂਟਿਆਂ ਨੂੰ ਭਰਪੂਰ ਫਲ ਲੱਗਿਆ ਹੁੰਦਾ ਹੈ, ਇਸ ਦੇ ਨਾਲ ਕਿੰਨੂ ਦੇ ਪੌਦਿਆਂ ਨੂੰ ਕੱਤਕ ਮਹੀਨੇ ਫਲ ਪੈਣਾ ਸ਼ੁਰੂ ਹੋ ਜਾਂਦਾ ਹੈ, ਜੋ ਕਿ ਅਗਲੇ ਮਹੀਨਿਆਂ ਦੌਰਾਨ ਵੱਡਾ ਹੁੰਦਾ ਜਾਂਦਾ ਹੈ । ਕੱਤਕ ਮਹੀਨੇ ਗੰਨੇ ਦੀ ਫਸਲ ਵੀ ਪੈਲਾਂ ਪਾਉਂਦੀ ਆਪਣੀ ਜਵਾਨੀ ਦਾ ਜਲਵਾ ਦਿਖਾਉਂਦੀ ਪ੍ਰਤੀਤ ਹੁੰਦੀ ਹੈ । ਕੁਝ ਸਾਲ ਪਹਿਲਾਂ ਤੱਕ ਪੰਜਾਬ ਵਿਚ ਕਮਾਦ ਬਹੁਤ ਵੱਡੇ ਪੱਧਰ ਉੱਪਰ ਬੀਜਿਆ ਜਾਂਦਾ ਸੀ ਪਰ ਹੁਣ ਇਸ ਦੀ ਫਸਲ ਹੇਠ ਰਕਬਾ ਬਹੁਤ ਹੀ ਘੱਟ ਗਿਆ ਹੈ । ਕੱਤਕ ਮਹੀਨੇ ਵਿਚ ਅਨੇਕਾਂ ਹੀ ਥਾਵਾਂ ਉੱਪਰ ਗੁੜ ਅਤੇ ਸ਼ੱਕਰ ਬਣਾਉਣ ਵਾਲੇ ਵੇਲਣੇ-ਘੁਲਾੜੀਆਂ ਨਜ਼ਰ ਆਉਂਦੇ ਹਨ । ਕਿਸੇ ਸਮੇਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡਾਂ ਅਤੇ ਰੋਪੜ ਜ਼ਿਲ੍ਹੇ ਦੇ ਪਿੰਡਾਂ ਕੁੱਬਾਹੇੜੀ, ਖਿਜ਼ਰਾਬਾਦ ਵਿਚ ਕੱਤਕ ਮਹੀਨੇ ਬਣਦਾ ਗੁੜ ਅਤੇ ਸ਼ੱਕਰ ਦੂਰ-ਦੂਰ ਤੱਕ ਮਸ਼ਹੂਰ ਸਨ ਪਰ ਹੁਣ ਇਹ ਕੰਮ ਸਥਾਨਕ ਲੋਕਾਂ ਦੀ ਥਾਂ ਦੂਜੇ ਰਾਜਾਂ ਤੋਂ ਆਏ ਮਜ਼ਦੂਰ ਹੀ ਕਰਦੇ ਨਜ਼ਰ ਆਉਂਦੇ ਹਨ । ਕੁੱਬਾਹੇੜੀ ਪਿੰਡ ਵਿਚ ਤਾਂ ਕੱਤਕ ਮਹੀਨੇ ਦੌਰਾਨ ਹਰ ਦਿਨ ਹੀ ਥਾਂ-ਥਾਂ ਲੋਕਾਂ ਵੱਲੋਂ ਆਪਣੇ ਖੇਤਾਂ ਵਿਚ ਹੀ ਵੇਲਣੇ ਅਤੇ ਘੁਲਾੜੀਆਂ ਲਗਾ ਕੇ ਗੁੜ ਅਤੇ ਸ਼ੱਕਰ ਬਣਾਏ ਜਾਂਦੇ ਸਨ ।



ਮਿਥਿਹਾਸ ਅਨੁਸਾਰ ਗੰਨੇ ਦੀ ਉਤਪਤੀ ਭਾਰਤ ਵਿਚ ਹੀ ਹੋਈ ਅਤੇ ਇੱਥੋਂ ਹੀ ਇਹ ਸਾਰੀ ਦੁਨੀਆਂ ਵਿਚ ਪਹੁੰਚਿਆ । ਇਹ ਹੀ ਕਿਹਾ ਜਾਂਦਾ ਹੈ ਕਿ ਸਿਕੰਦਰ ਦੇ ਫੌਜੀ ਵਾਪਸ ਮੁੜਦੇ ਸਮੇਂ ਆਪਣੇ ਨਾਲ ਗੰਨਾ ਵੀ ਯੂਰਪ ਵਿਚ ਲੈ ਗਏ । ਕੱਤਕ ਮਹੀਨੇ ਗੰਨੇ ਚੂਪਦੇ ਬੱਚੇ ਅਤੇ ਜਵਾਨ ਅੱਜ ਵੀ ਨਜ਼ਰ ਆ ਜਾਂਦੇ ਹਨ । ਇਸ ਵਾਰ ਸਾਉਣੀ ਦੀ ਫਸਲ ਝੋਨਾ ਦੀ ਬਿਜਾਈ ਲੇਟ ਹੋਣ ਕਰਕੇ ਕੱਤਕ ਮਹੀਨੇ ਝੋਨੇ ਦੀ ਕਟਾਈ ਵੀ ਲੇਟ ਹੋ ਰਹੀ ਹੈ । ਪਿਛਲੇ ਸਾਲਾਂ ਦੌਰਾਨ ਤਾਂ ਕੱਤਕ ਮਹੀਨਾ ਸ਼ੁਰੂ ਹੋਣ ਤੱਕ ਝੋਨੇ ਦੀ ਅੱਧੀ ਤੋਂ ਵੱਧ ਫਸਲ ਮੰਡੀਆਂ ਵਿਚ ਵਿਕ ਜਾਂਦੀ ਰਹੀ ਹੈ । ਇਸ ਵਾਰ ਨਰਮੇ ਅਤੇ ਕਪਾਹ ਨੂੰ ਗੁਲਾਬੀ ਸੁੰਡੀ ਪੈ ਗਈ ਹੈ । ਇਸ ਗੁਲਾਬੀ ਸੁੰਡੀ ਨੇ ਕਿਸਾਨਾਂ ਦੇ ਸੁਪਨੇ ਕਾਲੇ ਸ਼ਾਹ ਅਤੇ ਸਵਾਹ ਕਰ ਦਿੱਤੇ ਹਨ ।

ਅੱਧੇ ਕੱਤੇ ਤੋਂ ਭਾਵ ਕੱਤਕ ਮਹੀਨੇ ਦੇ ਅੱਧ ਵਿਚਕਾਰ ਜਾ ਕੇ ਪੰਜਾਬ ਦੇਦ ਖੇਤਾਂ ਵਿਚ ਹਾੜੀ ਦੀ ਫਸਲ ਕਣਕ ਅਤੇ ਸਰ੍ਹੋਂ ਦੀ ਬਿਜਾਈ ਸ਼ੁਰੂ ਹੋ ਜਾਂਦੀ ਹੈ । ਕੱਤਕ ਮਹੀਨੇ ਕਈ ਵਾਰ ਮੀਂਹ ਵੀ ਪੈ ਜਾਦਾ ਹੈ, ਇਸ ਮਹੀਨੇ ਕਣਕ ਦੀ ਬਿਜਾਈ ਹੋਣ ਨਾਲ ਮੀਂਹ ਪੈਣ ਨੂੰ ਬਹੁਤ ਚੰਗਾ ਸਮਝਿਆ ਜਾਂਦਾ ਹੈ । ਕਿਸਾਨਾਂ ਨੂੰ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਮੀਂਹ ਪੈਣ ਨਾਲ ਕੱਤਕ ਮਹੀਨੇ ਵਿਚ ਹੀ ਸਾਉਣ ਆ ਗਿਆ ਹੋਵੇ ।

‘ਕੱਤਕ ਕਿਣਿਆ, ਸੋ ਦਿਨ ਗਿਣਿਆ,<br>
ਮੀਂਹ ਪਿਆ ਦੀਵਾਲੀ, ਜਿਹਾ ਸੱਤਾ ਤਿਹਾ ਹਾਲੀ<br>
ਸਿੱਟਾ ਕੱਢੂ ਵਾਹੀ ਵਾਲੀ‘

ਕੱਤਕ ਮਹੀਨੇ ਵਿਚ ਮੀਂਹ ਪੈਣ ਕਾਰਨ ਸਾਰੇ ਰੁੱਖ, ਪੌਦੇ ਨ੍ਹਾਤੇ ਧੋਤੇ ਲੱਗਦੇ ਹਨ ਅਤੇ ਆਲਾ ਦੁਆਲਾ ਸਾਨੂੰ ਸਾਫ ਸੁਥਰਾ ਲੱਗਦਾ ਹੈ । ਕੱਤਕ ਮਹੀਨੇ ਅਸਮਾਨ ਵੀ ਪੂਰਾ ਸਾਫ ਹੁੰਦਾ ਹੈ । ਦਿਨ ਵੇਲੇ ਅੰਬਰ ਝਾਤੀਆਂ ਮਾਰ ਰਿਹਾ ਹੁੰਦਾ ਹੈ । ਕੱਤਕ ਮਹੀਨੇ ਦੀਆਂ ਰਾਤਾਂ ਨੂੰ ਤਾਰੇ ਵੀ ਇਕੱਠੇ ਹੋ ਕੇ ਕੋਈ ਮੀਟਿੰਗ ਕਰਦੇ ਪ੍ਰਤੀਤ ਹੁੰਦੇ ਹਨ ਅਤੇ ਇਸ ਤਰ੍ਹਾਂ ਲੱਗਦਾ ਹੈ, ਕਿ ਜਿਵੇਂ ਉਹ ਧਰਤੀ ਵੱਲ ਹੀ ਵੇਖ ਰਹੇ ਹੋਣ । ਕੱਤਕ ਮਹੀਨੇ ਦੀਆਂ ਰਾਤਾਂ ਵੀ ਸਾਫ ਸੁਥਰੀਆਂ ਹੁੰਦੀਆਂ ਹਨ ਅਤੇ ਰਾਤ ਨੂੰ ਅਸਮਾਨ ਸਾਫ ਹੋਣ ਕਰਕੇ ਤਾਰੇ ਪੂਰੇ ਜੋਬਨ ਉੱਪਰ ਚਮਕਦੇ ਰੌਸ਼ਨੀਆਂ ਵਿਖੇਰਦੇ ਹਨ । ਕੱਤਕ ਤੋਂ ਪਹਿਲੇ ਮਹੀਨੇ ਅੱਸੂ ਵਿਚ ਜੰਮਿਆ ਪਾਲਾ ਕੱਤਕ ਮਹੀਨੇ ਵੱਡਾ ਹੋ ਜਾਂਦਾ ਹੈ ਅਤੇ ਇਸ ਮਹੀਨੇ ਗਰਮ ਕੱਪੜਿਆਂ ਦੀ ਲੋੜ ਪੈਂਦੀ ਹੈ । ਕੱਤਕ ਮਹੀਨੇ ਸਭ ਨੂੰ ਸੂਰਜ ਦੀ ਧੁੱਪ ਨਿੱਘੀ-ਨਿੱਘੀ ਲੱਗਣ ਲੱਗ ਪੈਂਦੀ ਹੈ । ਬਜ਼ੁਰਗ ਅਕਸਰ ਹੀ ਕੱਤਕ ਦੀ ਨਿੱਘੀ-ਨਿੱਘੀ ਧੁੱਪ ਦਾ ਆਨੰਦ ਮਾਣਦੇ ਨਜ਼ਰ ਆ ਜਾਂਦੇ ਹਨ । ਕੱਤਕ ਮਹੀਨੇ ਧੁੰਦਾਂ ਵੀ ਪੈਣ ਲੱਗਦੀਆਂ ਹਨ । ਦਿਨ ਛੋਟੇ ਤੇ ਰਾਤਾਂ ਲੰਬੀਆਂ ਹੋ ਜਾਂਦੀਆਂ ਹਨ । ਕੱਤਕ ਮਹੀਨੇ ਨੂੰ ਬਸੰਤ ਮਹੀਨੇ ਵਰਗਾ ਹੀ ਸੋਹਣਾ ਮਨਮੋਹਣਾ ਅਤੇ ਸੁਹਾਵਣਾ ਮੰਨਿਆ ਜਾਂਦਾ ਹੈ । ਕੱਤਕ ਮਹੀਨੇ ਰੁੱਖਾਂ ਦੇ ਪੱਤੇ ਝੜਨੇ ਸ਼ੁਰੂ ਹੋ ਜਾਂਦੇ ਹਨ ਅਤੇ ਰੁੱਖਾਂ ਉੱਪਰ ਪੱਤਝੜ ਆ ਜਾਂਦੀ ਹੈ, ਜੋ ਕਿ ਜਲਦੀ ਹੀ ਬਹਾਰ ਆਉਣ ਦੀ ਸੂਚਕ ਹੁੰਦੀ ਹੈ । ਕੱਤਕ ਵਿਚ ਰਾਤਾਂ ਲੰਬੀਆਂ ਤੇ ਠੰਢੀਆਂ ਹੋ ਜਾਂਦੀਆਂ ਹਨ । ਪਾਲੇ ਕਾਰਨ ਰੁੱਖ ‘ਤੇ ਬੂਟੇ ਮੁਰਝਾਉਣ ਜਿਹੇ ਲੱਗਦੇ ਹਨ । ਕੱਤਕ ਮਹੀਨੇ ਅਸਮਾਨ ਪੂਰਾ ਸਾਫ ਹੁੰਦਾ ਹੈ, ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਰਾਤ ਨੂੰ ਤਾਰੇ ਹੇਠਾਂ ਧਰਤੀ ਵੱਲ ਹੀ ਵੇਖ ਰਹੇ ਹੋਣ ।

ਭਾਈ ਵੀਰ ਸਿੰਘ ਨੇ ਕੱਤਕ ਮਹੀਨੇ ਬਾਰੇ ਲਿਖਿਆ ਹੈ :

ਚੜ੍ਹਿਆ ਕੱਤਕ ਮਹੀਨਾ, ਘਰ ਘਰ ਜਗਦੇ ਨੇ ਦੀਵੇ,<br>
ਰੋ ਰੋ ਭਿਜਦੀ ਏ ਅੰਗੀ, ਤਾਨ੍ਹੇ ਦੇਂਦੀਆਂ ਸਹੀਆਂ ।<br>
ਸੋਹਣੀ ਰੁੱਤ ਗੁਲਾਬੀ, ਖਾਵਣ ਪੀਵਣ ਹੰਢਾਵਣ,<br>
ਭਾਵੇਂ ਸਭ ਕੁਝ ਚੰਗੇਰਾ, ਮਾਣਨ ਸਾਰੀਆਂ ਸਹੀਆਂ ।

ਕੱਤਕ ਮਹੀਨੇ ਨੂੰ ਖਾਣ ਪੀਣ ਦਾ ਮਹੀਨਾ ਵੀ ਕਿਹਾ ਜਾਂਦਾ ਹੈ । ਇਸ ਮਹੀਨੇ ਦੀ ਮੱਸਿਆ ਨੂੰ ਰੌਸ਼ਨੀਆਂ ਦਾ ਪ੍ਰਸਿੱਧ ਤਿਉਹਾਰ ਦੀਵਾਲੀ ਮਨਾਇਆ ਜਾਂਦਾ ਹੈ । ਕੱਤਕ ਦੀ ਪੂਰਨਮਾਸ਼ੀ ਨੂੰ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਂਦਾ ਹੈ । ਆਮ ਤੌਰ ‘ਤੇ ਸਿੱਖ ਭਾਈਚਾਰੇ ਦੇ ਘਰਾਂ ਵਿਚ ਦੀਵਾਲੀ ਮੌਕੇ ਲਗਾਈਆਂ ਗਈਆਂ ਰੰਗ ਬਿਰੰਗੇ ਬੱਲਬਾਂ ਦੀਆਂ ਲੜੀਆਂ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜੇ ਤੱਕ ਚਲਦੀਆਂ ਰਹਿੰਦੀਆਂ ਹਨ । ਇਸ ਤੋਂ ਇਲਾਵਾ ਕਰਵਾ ਚੌਥ, ਚੱਕਰੀਆਂ (ਅਹੋਈ ਮਾਤਾ ਦਾ ਵਰਤ) ਵਰਗੇ ਤਿਉਹਾਰ ਵੀ ਇਸੇ ਮਹੀਨੇ ਹੀ ਆਉਂਦੇ ਹਨ । ਇਨ੍ਹਾਂ ਤਿਉਹਾਰਾਂ ਮੌਕੇ ਔਰਤਾਂ ਵੱਲੋਂ ਵਰਤ ਵੀ ਰੱਖੇ ਜਾਂਦੇ ਹਨ ।

ਹੁਣ ਨਾ ਤਾਂ ਪਹਿਲਾਂ ਵਰਗਾ ਵਾਤਾਵਰਨ ਰਿਹਾ ਹੈ ਤੇ ਨਾ ਹੀ ਸ਼ੁੱਧ ਪੌਣ ਪਾਣੀ । ਚਾਰੇ ਪਾਸੇ ਸੰਵੇਦਨਹੀਣ ਕੰਕਰੀਟ ਦੇ ਜੰਗਲ ਉਸਰ ਰਹੇ ਹਨ । ਨਾ ਹੁਣ ਪਹਿਲਾਂ ਵਰਗਾ ਸਰਘੀ ਵੇਲਾ ਰਿਹਾ ਹੈ ਤੇ ਨਾ ਛਾਹ ਵੇਲਾ । ਹਰ ਪਾਸੇ ਫੈਲੀ ਆਪੋਧਾਪੀ ਦੇ ਇਸ ਦੌਰ ਵਿਚ ਕਿਸੇ ਕੋਲ ਏਨਾ ਕੁ ਸਮਾਂ ਨਹੀਂ ਕਿ ਉਹ ਆਪਣੀਆਂ ਨਾਲ ਬਹਿ ਕੇ ਕੁਝ ਸਮਾਂ ਕੁਦਰਤ ਦੀ ਗੋਦ ਵਿਚ ਗੁਜ਼ਾਰ ਸਕੇ ।

**ਜਗਮੋਹਨ ਭਦੌੜ**

## ਪਰਵਾਸੀਆਂ ਦੇ ਘਰ ਨੂੰ ਪਰਤਣ ਦਾ ਮਹੀਨਾ

ਕੱਤਕ ਮਹੀਨੇ ਹੀ ਬੰਦੀ ਛੋੜ ਦਿਵਸ ਮਨਾਇਆ ਜਾਂਦਾ ਹੈ । ਜੋ ਕਿ ਦੀਵਾਲੀ ਵਾਲੇ ਦਿਨ ਹੀ ਹੁੰਦਾ ਹੈ । ਇਸ ਦਿਨ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਗਵਾਲੀਅਰ ਦੇ ਕਿਲ੍ਹੇ ‘ਚੋਂ ਆਪਣੇ ਨਾਲ 52 ਰਾਜਿਆਂ ਨੂੰ ਛੁਡਵਾ ਕੇ ਅੰਮ੍ਰਿਤਸਰ ਪਹੁੰਚੇ ਸਨ । ਇਹ ਹੀ ਕਾਰਨ ਹੈ ਕਿ ਦੀਵਾਲੀ ਨੂੰ ਘਰਾਂ ਨੂੰ ਪਰਤਣ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ ਅਤੇ ਕੱਤਕ ਨੂੰ ਘਰਾਂ ਨੂੰ ਪਰਤਣ ਦਾ ਮਹੀਨਾ । ਇਸੇ ਕਾਰਨ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਵਸੇ ਹੋਏ ਪਰਵਾਸੀ ਪੰਜਾਬੀ ਦੀਵਾਲੀ ਮੌਕੇ ਆਪਣੇ ਪਿੰਡ ਵਾਲੇ ਜੱਦੀ ਘਰ ਗੇੜਾ ਮਾਰਦੇ ਹਨ । ਪਰਿਵਾਰ ਨੂੰ ਮਿਲ ਕੇ ਪਰਵਾਸੀ ਪੰਜਾਬੀਆਂ ਦੇ ਨਾਲ-ਨਾਲ ਪਰਿਵਾਰ ਵਾਲਿਆਂ ਦੀ ਖੁਸ਼ੀ ਵੀ ਵੇਖਣ ਵਾਲੀ ਹੁੰਦੀ ਹੈ । ਪਹਿਲੇ ਸਮਿਆਂ ‘ਚ ਖੇਤਾਂ ‘ਚ ਹਰ ਪਾਸੇ ਕੂੰਜਾਂ ਅਤੇ ਹੋਰ ਪਰਵਾਸੀ ਪੰਛੀ ਚੋਹਲ ਮੋਹਲ ਕਰਦੇ ਅਤੇ ਨਿੱਕੀਆਂ ਵੱਡੀਆਂ ਉਡਾਰੀਆਂ ਮਾਰਦੇ ਬੜੇ ਸੁੰਦਰ ਲੱਗਦੇ ਹੁੰਦੇ ਸਨ । ਉਨ੍ਹਾਂ ਦੀਆਂ ਮਨਮੋਹਨੀਆਂ ਆਵਾਜ਼ਾਂ ਨਾਲ ਵਾਤਾਵਰਨ ਵਿਚ ਸੰਗੀਤ ਘੁਲ ਜਾਂਦਾ ਸੀ ਜੋ ਹੁਣ ਨਹੀਂ ਹੈ ।

# ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਖੇਤੀਬਾੜੀ ਸਲਾਹ ਅਤੇ ਅਚਨਚੇਤੀ ਫ਼ਸਲ ਯੋਜਨਾਬੰਦੀ

| ਸਿਰਲੇਖ | ਖੇਤੀ ਸਲਾਹ | ਖੇਤੀ ਮਾਹਿਰਾਂ ਦੇ ਨਾਂ ਅਤੇ ਸੰਪਰਕ ਨੰ: |
|---|---|---|
| ਹੜ੍ਹਾਂ ਦੇ ਪਾਣੀ ਅਤੇ ਰੇਤ/ਗਾਰ ਵਾਲੇ ਖੇਤਾਂ ਵਿੱਚ ਕਾਸ਼ਤ ਸੰਬੰਧੀ | **ਬਦਲ 1** : ਜਿਹੜੇ ਕਿਸਾਨ ਵੀਰਾਂ ਦੇ ਖੇਤ ਹੜ੍ਹਾਂ ਦੀ ਮਾਰ ਹੇਠ ਆਏ ਹਨ ਅਤੇ ਹੁਣ ਖੇਤਾਂ ਵਿੱਚੋਂ ਪਾਣੀ ਨਿਕਲ ਗਿਆ ਹੈ ਅਤੇ ਖੇਤ ਕਰਾਹ ਕੇ ਪੱਧਰ ਕਰ ਲਏ ਹਨ ਉਹ :<br>1. 10 ਅਕਤੂਬਰ ਤੋਂ ਲੈ ਕੇ 30 ਅਕਤੂਬਰ ਤੱਕ ਗੋਭੀ ਸਰ੍ਹੋਂ ਦੀ ਬਿਜਾਈ ਕਰ ਸਕਦੇ ਹਨ । 2. 25 ਅਕਤੂਬਰ ਤੋਂ ਲੈ ਕੇ 15 ਨਵੰਬਰ ਤੱਕ ਅਗੇਤੀ ਕਣਕ ਦੀ ਬਿਜਾਈ ਕਰ ਸਕਦੇ ਹਨ । 3. ਅਕਤੂਬਰ ਮਹੀਨੇ ਵਿੱਚ ਆਲੂ, ਮਟਰ, ਗੋਭੀ, ਗਾਜਰ ਅਤੇ ਮੂਲੀ ਦੀ ਕਾਸ਼ਤ ਕੀਤੀ ਜਾ ਸਕਦੀ ਹੈ । ਇਸ ਸਮੇਂ ਲਈ ਸਿਫ਼ਾਰਸ਼ ਕਿਸਮਾਂ ਦੀ ਹੀ ਵਰਤੋਂ ਕੀਤੀ ਜਾਵੇ ।<br>**ਬਦਲ 2** : ਜਿਨ੍ਹਾਂ ਕਿਸਾਨਾਂ ਦੇ ਖੇਤ ਹਾਲੇ ਪੱਧਰੇ ਨਹੀਂ ਹੋਏ ਉਹ :<br>1. 25 ਅਕਤੂਬਰ ਤੋਂ ਲੈ ਕੇ 15 ਨਵੰਬਰ ਤੱਕ ਅਗੇਤੀ ਕਣਕ ਦੀ ਬਿਜਾਈ ਕਰ ਸਕਦੇ ਹਨ ।<br>2. 1 ਦਸੰਬਰ ਤੋਂ 15 ਜਨਵਰੀ ਤੱਕ ਕਣਕ ਦੀਆਂ ਪਛੇਤੀ ਬਿਜਾਈ ਵਾਲੀਆਂ ਕਿਸਮਾਂ ਦੀ ਕਾਸ਼ਤ ਕਰ ਸਕਦੇ ਹਨ ।<br>3. ਪਛੇਤੇ ਹਾਲਤਾਂ ਵਿੱਚ ਪਨੀਰੀ ਰਾਹੀਂ ਗੋਭੀ ਸਰ੍ਹੋਂ ਬੀਜੀ ਜਾ ਸਕਦੀ ਹੈ ।<br>4. ਜੇਕਰ ਹੜ੍ਹ ਪ੍ਰਭਾਵਿਤ ਖੇਤਰ ਵਿੱਚ ਅਕਤੂਬਰ ਤੱਕ ਕਿਸੇ ਵੀ ਫ਼ਸਲ ਦੀ ਬਿਜਾਈ ਨਾ ਹੋ ਸਕੇ ਤਾਂ ਨਵੰਬਰ ਦੇ ਦੂਜੇ ਪੰਦਰਵਾੜੇ ਵਿੱਚ ਲੋ-ਟਨਲ ਥੱਲੇ ਖੀਰਾ, ਟਮਾਟਰ, ਮਿਰਚ, ਬੈਂਗਣ ਅਤੇ ਸ਼ਿਮਲਾ ਮਿਰਚ ਦੀ ਕਾਸ਼ਤ ਕੀਤੀ ਜਾ ਸਕਦੀ ਹੈ ਜਿਸ ਲਈ ਪਨੀਰੀ ਦੀ ਤਿਆਰੀ ਅਕਤੂਬਰ ਵਿੱਚ ਹੀ ਕਰ ਲਈ ਜਾਵੇ ।<br>**ਬਦਲ 3** : ਜਿਨ੍ਹਾਂ ਕਿਸਾਨਾਂ ਨੂੰ ਖੇਤ ਪੱਧਰੇ ਕਰਵਾਉਣ ਅਤੇ ਰੇਤਾ ਕੱਢਣ ਨੂੰ ਹਾਲੇ ਸਮਾਂ ਲੱਗੇਗਾ ਉਹ :<br>1. 20 ਜਨਵਰੀ ਤੋਂ 15 ਫ਼ਰਵਰੀ ਤੱਕ ਬਹਾਰ ਰੁੱਤ ਦੀ ਮੱਕੀ ਦੀ ਕਾਸ਼ਤ ਕਰ ਸਕਦੇ ਹਨ ।<br>2. ਮਾਰਚ ਵਿੱਚ ਕਮਾਦ ਦੀ ਬਿਜਾਈ ਲਈ ਖੇਤ ਤਿਆਰ ਕਰ ਸਕਦੇ ਹਨ ।<br>3. ਜਨਵਰੀ ਮਹੀਨੇ ਵਿੱਚ ਹਾੜ੍ਹ ਆਲੂ ਦੀ ਬਿਜਾਈ ਕੀਤੀ ਜਾ ਸਕਦੀ ਹੈ ਜਿਸ ਲਈ ਬੀਜ ਦਾ ਪ੍ਰਬੰਧ ਹੁਣੇ ਹੀ ਕਰ ਲਿਆ ਜਾਵੇ ।<br>4. ਜਨਵਰੀ ਦੇ ਪਹਿਲੇ ਪੰਦਰਵਾੜੇ ਵਿੱਚ ਪਿਆਜ ਦੀ ਪਨੀਰੀ ਖੇਤਾਂ ਵਿੱਚ ਲਗਾਈ ਜਾ ਸਕਦੀ ਹੈ, ਜਿਸ ਲਈ ਪਨੀਰੀ ਦੀ ਬਿਜਾਈ ਨਵੰਬਰ ਵਿੱਚ ਥੋੜ੍ਹੀ ਜਗ੍ਹਾ ਤਿਆਰ ਕਰ ਲਈ ਜਾਵੇ ।<br>**ਬਦਲ 4** : ਜਿਨ੍ਹਾਂ ਖੇਤਾਂ ਵਿੱਚ ਹੜ੍ਹਾਂ ਦਾ ਪਾਣੀ ਹੀ ਲੰਘਿਆ ਹੈ ਅਤੇ 4-6 ਇੰਚ ਤੱਕ ਹੜ੍ਹਾਂ ਦੀ ਮਿੱਟੀ/ਗਾਰ ਜਮ੍ਹਾਂ ਹੋਈ ਹੈ ਉਹ :<br>1. ਪਰਾਲ ਵਾਲੇ ਖੇਤ ਵਿੱਚ ਚੌਪਰ/ਮਲਚਰ ਚਲਾਉਣ ਤੋਂ ਬਾਅਦ ਰਿਵਰਸੀਬਲ ਪਲੌ (ਉਲਟਾਵੇਂ ਹਲਾਂ) ਨਾਲ ਪਰਾਲ ਨੂੰ 6 ਤੋਂ 7 ਇੰਚ ਤੇ ਜ਼ਮੀਨ ਹੇਠਲੀ ਮਿੱਟੀ ਨੂੰ ਪਲਟਿਆ ਜਾ ਸਕਦਾ ਹੈ । ਇਸ ਤੋਂ ਬਾਅਦ ਰੋਟਰੀ ਟਿਲਰ ਜਾਂ ਰੋਟਾਵੇਟਰ ਚਲਾਓ ਅਤੇ ਜ਼ਮੀਨ ਨੂੰ ਲੈਵਲ ਕਰਨ ਲਈ ਸੁਹਾਵਾ ਵਰਤੋਂ । ਇਸ ਤਰ੍ਹਾਂ ਖੇਤ ਕਣਕ ਦੀ ਬਿਜਾਈ ਲਈ ਤਿਆਰ ਹੋ ਜਾਂਦਾ ਹੈ । | ਡਾ. ਬਿਕਰਮਜੀਤ ਸਿੰਘ (9872354170)<br><br>ਡਾ. ਸਰਬਜੀਤ ਸਿੰਘ ਔਲਖ (9464070131)<br><br>ਡਾ. ਹਰਿੰਦਰ ਸਿੰਘ (9780090300)<br><br>ਡਾ. ਪਰਵਿੰਦਰ ਸਿੰਘ (8146322553)<br><br>ਡਾ. ਆਰ ਐਸ ਛੀਨਾ (8872030019) |
| ਹੜ੍ਹ ਪ੍ਰਭਾਵਿਤ ਇਲਾਕਿਆਂ ਦੀ ਮਿੱਟੀ ਪਰਖ ਰਿਪੋਰਟ | ਹੜ੍ਹਾਂ ਦੀ ਮਿੱਟੀ ਜ਼ਮੀਨ ਦੇ ਰਸਾਇਣਕ, ਭੌਤਿਕ ਅਤੇ ਜੈਵਿਕ ਗੁਣਾਂ ਨੂੰ ਬਦਲ ਦਿੰਦੀ ਹੈ, ਜਿਸ ਨਾਲ ਅਕਸਰ ਤੱਤਾਂ ਦਾ ਅਸੰਤੁਲਨ ਹੁੰਦਾ ਹੈ । ਮਿੱਟੀ ਦੀ ਸਤਹਿ ਸਖ਼ਤ ਹੋ ਜਾਂਦੀ ਹੈ ਜਿਸ ਕਰਕੇ ਪਾਣੀ ਜੀਰਦਾ ਨਹੀਂ, ਜੜ੍ਹ ਵਿੱਚ ਵਾਧਾ ਨਹੀਂ ਹੁੰਦਾ ਅਤੇ ਮਿੱਟੀ ਵਿੱਚ ਹਵਾ ਦੀ ਕਮੀ ਹੋ ਜਾਂਦੀ ਹੈ । ਇਸ ਲਈ ਹਾੜ੍ਹੀ ਦੀਆਂ ਫ਼ਸਲਾਂ ਦੀ ਬਿਜਾਈ ਤੋਂ ਪਹਿਲਾਂ ਹੜ੍ਹ ਪ੍ਰਭਾਵਿਤ ਮਿੱਟੀ ਦੇ ਵੱਡੇ ਅਤੇ ਲਘੂ ਤੱਤਾਂ ਲਈ ਜਾਂਚ ਕੀਤੀ ਜਾਣੀ ਚਾਹੀਦੀ ਹੈ ।<br>★ ਪੰਜਾਬ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਖੇਤਾਂ ਵਿੱਚੋਂ ਵੱਖਰੀਆਂ-ਵੱਖਰੀਆਂ ਤਹਿਆਂ ਤੋਂ ਮਿੱਟੀ ਦੇ ਨਮੂਨੇ ਲਏ ਗਏ । ਖੇਤਾਂ ਦੀ ਮਿੱਟੀ ਉੱਤੇ ਰੇਤ, ਭੱਲ ਜਾਂ ਚੀਕਨੀ ਮਿੱਟੀ ਦੀ 5-100 ਸੈ. ਮੀ. ਤੱਕ ਦੀ ਤਹਿ ਸੀ ।<br>★ ਇਹ ਹੜ੍ਹ ਦੇ ਪਾਣੀ ਨਾਲ ਆਈ ਹੋਈ ਜ਼ਮੀਨ ਦੀ ਕਿਸਮ ਰੇਤ (sand) ਤੋਂ ਲੈ ਕੇ ਸੂਖਮ ਭੱਲ (Fine loam) ਤੱਕ ਸੀ ਅਤੇ ਇਹ ਖਾਰੀ ਕਿਸਮ ਦੀ ਸੀ ।<br>★ ਕਿਸੇ ਵੀ ਨਮੂਨੇ ਵਿੱਚ ਜ਼ਿਆਦਾ ਘੁਲਣਸ਼ੀਲ ਲੂਣ ਨਹੀਂ ਸਨ ਅਤੇ ਇਹ ਦਰਮਿਆਨੀ ਰੇਂਜ ਵਿੱਚ ਹੀ ਸਨ ।<br>★ ਜ਼ਿਆਦਾਤਰ ਇਕੱਠੇ ਕੀਤੇ ਮਿੱਟੀ ਦੇ ਨਮੂਨਿਆਂ ਵਿੱਚ ਜੈਵਿਕ ਮਾਦਾ ਜ਼ਿਆਦਾ ਸੀ (>0.75%) ਪਰ ਜਿੱਥੇ ਰੇਤਾ ਇਕੱਠੀ ਹੋਈ ਸੀ, ਉੱਥੇ ਜੈਵਿਕ ਮਾਦਾ ਕਾਫ਼ੀ ਘੱਟ ਸੀ ਪਰ ਕਈ ਥਾਂ ਤੇ ਇਹ ਜੈਵਿਕ ਮਾਦਾ 1.0% ਤੋਂ ਵੀ ਜ਼ਿਆਦਾ ਸੀ । ਛੋਟੇ ਖ਼ੁਰਾਕੀ ਤੱਤਾਂ ਵਿੱਚੋਂ ਹੜ੍ਹਾਂ ਨਾਲ ਆਈ ਮਿੱਟੀ ਵਿੱਚ ਲੋਹਾ ਅਤੇ ਮੈਂਗਨੀਜ ਦੀ ਮਿਕਦਾਰ ਕਾਫ਼ੀ ਜ਼ਿਆਦਾ ਸੀ ਤੇ ਇਹ ਮਿਕਦਾਰ ਆਮ ਤੌਰ ਤੇ ਪੰਜਾਬ ਵਿੱਚ ਪਾਣੀ ਜਾਣ ਵਾਲੀ ਮਿਕਦਾਰ ਤੋਂ ਕਾਫ਼ੀ ਜ਼ਿਆਦਾ ਸੀ । ਪਾਣੀ ਨਾਲ ਰੁੜ ਕੇ ਆਈ ਰੇਤ ਵਿੱਚ ਹੀ ਲੋਹੇ ਦਾ ਤੱਤ ਜ਼ਿਆਦਾ ਸੀ ਜਿਹੜਾ ਰੇਤ ਉੱਤੇ ਲੋਹੇ ਦੀ ਪਰਤ ਚੜਨ ਕਰਕੇ ਹੈ ।<br>★ ਹੜ੍ਹਾਂ ਦੇ ਪਾਣੀ ਨਾਲ ਆਈ ਮਿੱਟੀ ਵਿੱਚ ਫਾਸਫੋਰਸ ਅਤੇ ਪੋਟਾਸ਼ ਦੀ ਉਪਲਬਧਤਾ ਵੱਖਰੀ-ਵੱਖਰੀ ਸੀ ਅਤੇ ਇਹਨਾਂ ਦਾ ਕੋਈ ਪੱਕਾ ਰੁਝਾਣ ਨਹੀਂ ਸੀ ।<br>★ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਕੋਈ ਵੀ ਕਿਸਾਨ ਵੀਰ ਆਪਣੇ ਖੇਤ ਦੀ ਮਿੱਟੀ ਪਰਖ ਪੀ.ਏ.ਯੂ. ਤੋਂ ਮੁਫ਼ਤ ਕਰਵਾ ਸਕਦਾ ਹੈ । | ਡਾ: ਰਾਜੀਵ ਸਿੱਕਾ (9814621735)<br><br>ਡਾ: ਗੋਬਿੰਦਰ ਸਿੰਘ (9501192500) |
| ਹੜ੍ਹ ਪ੍ਰਭਾਵਿਤ ਇਲਾਕਿਆਂ ਦੀਆਂ ਜ਼ਮੀਨਾਂ ਦੀ ਸਤਹਿ ਤੇ ਸਖਤ ਤਹਿ ਨੂੰ ਤੋੜਨਾ | ਕੁਝ ਜ਼ਮੀਨਾਂ ਵਿੱਚ ਹੜ੍ਹ ਤੋਂ ਬਾਅਦ ਇੱਕ ਹਾਰਡਪੈਨ (ਸਖਤ ਸਤਹਿ) ਬਣ ਜਾਂਦੀ ਹੈ, ਜਿਸ ਕਰਕੇ ਪਾਣੀ ਜੀਰਦਾ ਨਹੀਂ ਅਤੇ ਜੜ੍ਹਾਂ ਦੇ ਵਿਕਾਸ ਨੂੰ ਰੋਕਦਾ ਹੈ । ਇਸ ਸਮੱਸਿਆ ਨੂੰ ਦੂਰ ਕਰਨ ਲਈ ਹੇਠ ਲਿਖੀਆਂ ਰਣਨੀਤੀਆਂ ਅਪਣਾਈਆਂ ਜਾ ਸਕਦੀਆਂ ਹਨ :<br>★ ਭਾਰੀਆਂ ਜ਼ਮੀਨਾਂ ਵਿੱਚ, ਜੇਕਰ ਹੜ੍ਹਾਂ ਦੀ ਮਿੱਟੀ ਦੀ ਇੱਕ ਪਤਲੀ ਪਰਤ (6 ਇੰਚ) ਜਮ੍ਹਾਂ ਹੋ ਗਈ ਹੋਵੇ ਤਾਂ ਡੂੰਘੀ ਵਾਹਈ ਨਾਲ ਹਾਰਡਪੈਨ ਨੂੰ ਤੋੜਨ ਨਾਲ ਅਗਲੀ ਫ਼ਸਲ ਦੇ ਵਾਧੇ ਵਿੱਚ ਮੱਦਦ ਮਿਲਦੀ ਹੈ ।<br>★ ਹਲਕੀ-ਬਣਤਰ ਵਾਲੀ ਮਿੱਟੀ ਵਿੱਚ, ਜਿੱਥੇ ਹੜ੍ਹਾਂ ਦੀ ਮਿੱਟੀ ਦੀ ਇੱਕ ਪਤਲੀ ਪਰਤ ਜਮ੍ਹਾਂ ਹੋ ਗਈ ਹੈ, ਇਸ ਪਰਤ ਨੂੰ ਢੁਕਵੇਂ ਔਜ਼ਾਰਾਂ ਦੀ ਵਰਤੋਂ ਕਰਕੇ ਮਿੱਟੀ ਨਾਲ ਚੰਗੀ ਤਰ੍ਹਾਂ ਮਿਲਾਇਆ ਜਾਣਾ ਚਾਹੀਦਾ ਹੈ ।<br>**ਝੋਨੇ ਦੀ ਪਰਾਲੀ ਨੂੰ ਨਾ ਸਾੜੋ** : ਹੜ੍ਹ ਪ੍ਰਭਾਵਿਤ ਖੇਤਰ ਵਿੱਚ ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਹੀ ਸੰਭਾਲੋ । ਮਿੱਟੀ ਦੀ ਸਤਹਿ ਸਖ਼ਤ ਹੋਣ ਕਰਕੇ ਮਿੱਟੀ ਵਿੱਚ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਖੇਤ ਵਿੱਚ ਮਿਲਾਓ । ਇਸ ਨਾਲ ਜ਼ਮੀਨ ਦੀ ਸਿਹਤ ਵਿੱਚ ਸੁਧਾਰ ਹੋਵੇਗਾ ਅਤੇ ਸਖ਼ਤ ਸਤਹਿ ਨੂੰ ਨਰਮ ਕਰਨ ਵਿੱਚ ਮੱਦਦ ਮਿਲੇਗੀ । | ਡਾ: ਰਾਜੀਵ ਸਿੱਕਾ (9814621735)<br><br>ਡਾ: ਗੋਬਿੰਦਰ ਸਿੰਘ (9501192500) |
| ਹੜ੍ਹ ਪ੍ਰਭਾਵਿਤ ਇਲਾਕਿਆਂ ਦੀਆਂ ਜ਼ਮੀਨਾਂ ਦਾ ਖਾਦ ਪ੍ਰਬੰਧਨ | **ਹਾੜ੍ਹੀ ਦੀਆਂ ਫ਼ਸਲਾਂ ਵਿੱਚ ਖਾਦ ਪ੍ਰਬੰਧਨ** : ਹਾੜ੍ਹੀ ਦੀਆਂ ਫ਼ਸਲਾਂ ਵਿੱਚ ਖਾਦਾਂ ਦੀ ਸਿਫ਼ਾਰਸ਼ ਕੀਤੀ ਮਾਤਰਾ ਹੀ ਪਾਉਣੀ ਚਾਹੀਦੀ ਹੈ ਅਤੇ ਜੇ ਸੰਭਵ ਹੋਵੇ ਤਾਂ ਆਪਣੇ ਖੇਤ ਦੀ ਮਿੱਟੀ ਪਰਖ ਜ਼ਰੂਰ ਕਰਵਾਓ ।<br>**ਜੈਵਿਕ ਖਾਦਾਂ** : ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਜੈਵਿਕ ਖਾਦਾਂ ਜਿਵੇਂ ਕਿ ਰੂੜ੍ਹੀ ਦੀ ਖਾਦ, ਮੁਰਗੀ ਖਾਦ ਆਦਿ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਚਾਹੀਦਾ ਹੈ । ਭਾਵੇਂ ਕਿ ਹਾੜ੍ਹੀ ਦੀ ਫ਼ਸਲਾਂ ਤੋਂ ਪਹਿਲਾਂ ਸਾਡੇ ਕੋਲ ਬਹੁਤੇ ਬਦਲ ਨਹੀਂ ਹਨ ਪਰ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਹਾੜ੍ਹੀ ਦੀਆਂ ਫ਼ਸਲਾਂ ਤੋਂ ਬਾਅਦ ਕਿਸਾਨ ਵੀਰਾਂ ਨੂੰ ਹਰੀ ਖਾਦ (ਸਣ, ਜੰਤਰ, ਰਵਾਂਹ ਜਾਂ ਫਲੀਆਂ ਤੋੜਣ ਉਪਰੰਤ ਮੂੰਗੀ ਦੀ ਰਹਿੰਦ-ਖੂੰਹਦ) ਨੂੰ ਤਰਜੀਹ ਦੇਣੀ ਚਾਹੀਦੀ ਹੈ ਕਿਉਂਕਿ ਇਹ ਮਿੱਟੀ ਦੀ ਬਣਤਰ ਨੂੰ ਬਿਹਤਰ ਬਣਾਉਣ ਅਤੇ ਜੜ੍ਹਾਂ ਦੇ ਚੰਗੇ ਵਿਕਾਸ ਨੂੰ ਉਤਸ਼ਾਹਿਤ ਕਰਨ ਵਿੱਚ ਮੱਦਦ ਕਰਦੀ ਹੈ । | ਡਾ: ਰਾਜੀਵ ਸਿੱਕਾ (9814621375)<br><br>ਡਾ. ਗੋਬਿੰਦਰ ਸਿੰਘ (9501192500) |
| ਕਣਕ | **ਖੇਤ ਦੀ ਤਿਆਰੀ** :<br>★ ਝੋਨੇ ਦੀ ਪਰਾਲ ਨੂੰ ਖੇਤ ਵਿੱਚ ਰੱਖੋ ਜਾਂ ਖੇਤ ਵਿੱਚ ਦਬਾ ਦਿਓ, ਜੇ ਖੇਤ ਵਿੱਚ ਚੰਗੀ ਗਿੱਲ ਹੈ ਤਾਂ ਪਰਾਲ ਨੂੰ ਖੇਤ ਵਿੱਚ ਦਬਾਉਣ ਲਈ ਰੋਟਰੀ ਟਿੱਲਰ/ਸੁਪਰ ਸੀਡਰ ਦੀ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਬਾਅਦ ਵਿੱਚ ਰੌਣੀ ਕਰ ਕੇ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ ।<br>★ ਜੇ ਖੇਤ ਵਿੱਚ ਗਿੱਲ ਨਹੀਂ ਹੈ ਤਾਂ ਪਰਾਲ ਵਾਲੇ ਖੇਤ ਵਿੱਚ ਚੌਪਰ/ਮਲਚਰ ਚਲਾਉਣ ਤੋਂ ਬਾਅਦ ਰਿਵਰਸੀਬਲ ਪਲੌ (ਉਲਟਾਵੇਂ ਹਲਾਂ) ਨਾਲ ਪਰਾਲ ਨੂੰ 6 ਤੋਂ 7 ਇੰਚ ਤੇ ਜ਼ਮੀਨ ਹੇਠਲੀ ਮਿੱਟੀ ਨੂੰ ਪਲਟਿਆ ਜਾ ਸਕਦਾ ਹੈ । ਇਸ ਤੋਂ ਬਾਅਦ ਰੋਟਰੀ ਟਿਲਰ ਜਾਂ ਰੋਟਾਵੇਅਰ ਚਲਾਓ ਅਤੇ ਜ਼ਮੀਨ ਨੂੰ ਲੈਵਲ ਕਰਨ ਲਈ ਸੁਹਾਗਾ ਵਰਤੋਂ । ਇਸ ਤਰ੍ਹਾਂ ਕਣਕ ਦੀ ਬਿਜਾਈ ਲਈ ਤਿਆਰ ਹੋ ਜਾਂਦਾ ਹੈ । ਇਸ ਤਰੀਕੇ ਨੂੰ 6 ਇੰਚ ਤੱਕ ਜਮ੍ਹਾਂ ਹੋਈ ਹੜ੍ਹਾਂ ਦੀ ਮਿੱਟੀ/ਗਾਰ ਵਾਲੇ ਖੇਤਾਂ ਵਿੱਚ ਤਰਜੀਹ ਦਿਓ ।<br>★ ਪਰਾਲ ਨੂੰ ਖੇਤ ਵਿੱਚ ਰੱਖਦੇ ਹੋਏ ਕਣਕ ਦੀ ਸਿੱਧੀ ਬਿਜਾਈ ਹੈਪੀ ਸੀਡਰ/ਸਮਾਰਟ ਸੀਡਰ/ਸੁਪਰ ਸੀਡਰ ਨਾਲ ਕੀਤੀ ਜਾ ਸਕਦੀ ਹੈ । ਇਸ ਲਈ ਪਹਿਲਾਂ ਖੜੇ ਝੋਨੇ ਨੂੰ ਮਲਚਰ ਨਾਲ ਕੁਤਰ ਕੇ ਖੇਤ ਵਿੱਚ ਕੁਝ ਦਿਨਾਂ ਲਈ ਛੱਡ ਦਿਓ ਤਾਂ ਜੋ ਝੋਨੇ ਦੀ ਦੁਬਾਰਾ ਫੋਟ ਨਾ ਹੋਵੇ ਅਤੇ ਖੇਤਾਂ ਵਿੱਚ ਕੂਲਾ ਵੱਤਰ ਇਕਸਾਰ ਰਹੇ । ਇਨ੍ਹਾਂ ਮਸ਼ੀਨਾਂ ਨਾਲ ਕਣਕ ਦੀ ਸਿੱਧੀ ਬਿਜਾਈ ਅਕਤੂਬਰ ਦੇ ਅਖ਼ੀਰਲੇ ਹਫ਼ਤੇ ਤੋਂ ਲੈ ਕੇ ਅੱਧ ਨਵੰਬਰ ਤੱਕ ਕੀਤੀ ਜਾ ਸਕਦੀ ਹੈ ।<br>★ ਜਿਨ੍ਹਾਂ ਖੇਤਾਂ ਵਿੱਚ ਵੱਤਰ ਘੱਟ ਹੈ, ਉੱਥੇ ਕਣਕ ਦੀ ਬਿਜਾਈ ਸਰਫੇਸ ਸੀਡਿੰਗ ਤਕਨੀਕ ਨਾਲ ਕੀਤੀ ਜਾ ਸਕਦੀ ਹੈ । ਬਸ਼ਰਤੇ ਕਿ ਜਿਹੜੀਆਂ ਸਾਵਧਾਨੀਆਂ ਸਰਫੇਸ ਸੀਡਿੰਗ ਲਈ ਜ਼ਰੂਰੀ ਹਨ, ਖੇਤ ਉਸ ਦੇ ਅਨੁਕੂਲ ਹੋਵੇ ।<br>**ਜ਼ਰੂਰੀ ਨੋਟ** :<br>★ ਸਾਰੇ ਕਿਸਾਨ ਵੀਰ ਫ਼ਸਲ ਦੀ ਬਿਜਾਈ ਤੋਂ ਪਹਿਲਾਂ ਇੱਕ ਵਾਰ ਮਿੱਟੀ ਪਰਖ ਜ਼ਰੂਰ ਕਰਾ ਲੈਣ ਤਾਂ ਜੋ ਖਾਦਾਂ ਦੀ ਸਹੀ ਵਰਤੋਂ ਕੀਤੀ ਜਾ ਸਕੇ । ਸਿਫ਼ਾਰਸ਼ ਕੀਤੀਆਂ ਖਾਦਾਂ ਤੋਂ ਇਲਾਵਾ ਕਣਕ ਦੀ ਬਿਜਾਈ ਤੋਂ 40-50 ਦਿਨਾਂ ਬਾਅਦ 2% ਯੂਰੀਆ ਦਾ ਛਿੜਕਾਅ (200 ਲਿਟਰ ਪਾਣੀ ਵਿੱਚ 4 ਕਿਲੋ ਯੂਰੀਆ ਘੋਲ ਕੇ ਤਿਆਰ ਕੀਤਾ ਗਿਆ) ਕਰ ਦੇਣਾ ਚਾਹੀਦਾ ਹੈ ।<br>★ ਕਣਕ ਦੀ ਫ਼ਸਲ ਨੂੰ ਸਿਉਂਕ ਅਤੇ ਉੱਲੀ ਰੋਗਾਂ ਤੋ ਬਚਾਉਣ ਲਈ ਬੀਜ ਦੀ ਸੋਧ ਨਿਉਨਿਕਸ 20 ਐਫ ਐਸ 2 ਮਿ. ਲਿ. ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਜ਼ਰੂਰ ਕੀਤੀ ਜਾਵੇ ।<br>★ ਜੇ ਕਿਸੇ ਕਿਸਾਨ ਕੋਲ ਘਰ ਦਾ ਬੀਜ ਹੈ ਤਾਂ ਉਸ ਦੀ ਜੰਮਣ ਸ਼ਕਤੀ ਪਰਖ ਲਈ ਜਾਵੇ ਜਿਸ ਵਿੱਚ 100 ਦਾਣਿਆਂ ਵਿੱਚੋਂ 85 ਦਾ ਜੰਮ ਹੋਵੇ ਤਾਂ ਬੀਜ ਨੂੰ ਬਿਜਾਈ ਲਈ ਵਰਤਿਆ ਜਾ ਸਕਦਾ ਹੈ । | ਡਾ. ਹਰੀ ਰਾਮ (9501002967)<br><br>ਡਾ. ਬੇਅੰਤ ਸਿੰਘ (9988095878)<br><br>ਡਾ. ਮਨਪ੍ਰੀਤ ਸਿੰਘ (9815633222) |

# ਮਟਰਾਂ ਦੇ ਕੀੜੇ-ਮਕੌੜੇ ਅਤੇ ਬਿਮਾਰੀਆਂ ਦੀ ਰੋਕਥਾਮ ਕਿਵੇਂ ਕਰੀਏ?

**ਮਟਰਾਂ ਦੀ ਫ਼ਸਲ ਤੇ ਕਈ ਕੀੜੇ-ਮਕੌੜੇ ਅਤੇ ਬਿਮਾਰੀਆਂ ਹਮਲਾ ਕਰਦੀਆਂ ਹਨ ਜਿਨ੍ਹਾਂ ਵਿੱਚ ਰਸ ਚੂਸਣ ਵਾਲੇ ਕੀੜੇ, ਤਣੇ ਦੀ ਮੱਖੀ ਸੋਕਾ, ਕੁੰਗੀ, ਚਿੱਟੋਂ ਅਤੇ ਮਟਰਾਂ ਦਾ ਗਾਲਾ ਪ੍ਰਮੁੱਖ ਹਨ। ਇਨ੍ਹਾਂ ਨਾਲ ਫ਼ਸਲ ਦੇ ਝਾੜ ਤੇ ਬਹੁਤ ਅਸਰ ਪੈਂਦਾ ਹੈ। ਇਸ ਕਰਕੇ ਚੰਗਾ ਝਾੜ ਲੈਣ ਲਈ ਇਨ੍ਹਾਂ ਬਿਮਾਰੀਆਂ ਦੀ ਸਹੀ ਪਹਿਚਾਣ ਅਤੇ ਸਮੇਂ ਸਿਰ ਰੋਕਥਾਮ ਕਰਨੀ ਬਹੁਤ ਜ਼ਰੂਰੀ ਹੈ।**

ਰਜਿੰਦਰ ਸਿੰਘ ਬੱਲ ਅਤੇ ਯਾਮਿਨੀ ਸ਼ਰਮਾ
ਫਾਰਮ ਸਲਾਹਕਾਰ ਸੇਵਾ ਕੇਂਦਰ, ਗੁਰਦਾਸਪੁਰ (ਮੋ. 78883-56773)

ਮਟਰ ਠੰਡੇ ਮੌਸਮ ਦੌਰਾਨ ਉਗਾਈ ਜਾਣ ਵਾਲੀ ਇੱਕ ਮਹੱਤਵਪੂਰਨ ਸਬਜ਼ੀ ਦੀ ਫ਼ਸਲ ਹੈ। ਚੰਗੀ ਸਿਹਤ ਲਈ ਲੋੜੀਂਦੇ ਪ੍ਰੋਟੀਨ, ਵਿਟਾਮਿਨ ਅਤੇ ਖਣਿਜ ਪਦਾਰਥ ਆਦਿ ਜ਼ਰੂਰੀ ਤੱਤਾਂ ਦਾ ਮਟਰ ਇੱਕ ਮਹੱਤਵਪੂਰਨ ਸੋਮਾ ਹੈ। ਮਟਰਾਂ ਦੇ ਵਧੀਆ ਜਮਾਅ ਅਤੇ ਵਾਧੇ ਲਈ ਔਸਤਨ 20-25°C ਤਾਪਮਾਨ ਦੀ ਲੋੜ ਹੁੰਦੀ ਹੈ। ਪਰ ਇਸ ਦੇ ਬੀਜ 4-5 ਡਿਗਰੀ



ਸੈਂਟੀਗ੍ਰੇਡ ਤਾਪਮਾਨ ਤੇ ਵੀ ਉੱਗ ਸਕਦੇ ਹਨ ਅਤੇ ਇਹ ਫ਼ਸਲ ਕੋਹਰੇ ਨੂੰ ਵੀ ਸਹਿਣ ਦੀ ਸਮੱਰਥਤਾ ਰਖਦੀ ਹੈ। ਮਨੁੱਖੀ ਸਿਹਤ ਦੇ ਨਾਲ-ਨਾਲ ਖ਼ੁਰਾਕ ਸੁਰੱਖਿਆ, ਫ਼ਸਲ ਵਿਭਿੰਨਤਾ ਅਤੇ ਵਾਤਾਵਰਨ ਸਥਿਰਤਾ ਵਿੱਚ ਵੀ ਮਟਰਾਂ ਦਾ ਬਹੁਤ ਯੋਗਦਾਨ ਹੈ। ਇਸ ਦੇ ਨਾਲ ਹੀ ਇਸ ਦੀ ਜੜ੍ਹਾਂ ਵਿੱਚ ਨਾਈਟ੍ਰੋਜਨ ਜਮਾ ਕਰਨ ਵਾਲੇ ਰਾਈਜ਼ੋਬੀਅਮ ਬੈਕਟੀਰੀਆ, ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੀ ਵਧਾਉਂਦੇ ਹਨ। ਪੰਜਾਬ ਵਿੱਚ ਮਟਰਾਂ ਦੀ ਜ਼ਿਆਦਾ ਕਾਸ਼ਤ ਹੁਸ਼ਿਆਰਪੁਰ, ਅੰਮ੍ਰਿਤਸਰ, ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ ਕੀਤੀ ਜਾਂਦੀ ਹੈ। ਮਟਰਾਂ ਦੀ ਫ਼ਸਲ ਤੇ ਕਈ ਕੀੜੇ-ਮਕੌੜੇ ਅਤੇ ਬਿਮਾਰੀਆਂ ਹਮਲਾ ਕਰਦੀਆਂ ਹਨ ਜਿਨ੍ਹਾਂ ਵਿੱਚ ਰਸ ਚੂਸਣ ਵਾਲੇ ਕੀੜੇ, ਤਣੇ ਦੀ ਮੱਖੀ ਸੋਕਾ, ਕੁੰਗੀ, ਚਿੱਟੋਂ ਅਤੇ ਮਟਰਾਂ ਦਾ ਗਾਲਾ ਪ੍ਰਮੁੱਖ ਹਨ। ਇਨ੍ਹਾਂ ਨਾਲ ਫ਼ਸਲ ਦੇ ਝਾੜ ਤੇ ਬਹੁਤ ਅਸਰ ਪੈਂਦਾ ਹੈ। ਇਸ ਕਰਕੇ ਚੰਗਾ ਝਾੜ ਲੈਣ ਲਈ ਇਨ੍ਹਾਂ ਬਿਮਾਰੀਆਂ ਦੀ ਸਹੀ ਪਹਿਚਾਣ ਅਤੇ ਸਮੇਂ ਸਿਰ ਰੋਕਥਾਮ ਕਰਨੀ ਬਹੁਤ ਜ਼ਰੂਰੀ ਹੈ।

**ਕੀੜੇ-ਮਕੌੜੇ :**

**1. ਸੁਰੰਗੀ ਕੀੜਾ :** ਇਹ ਕੀੜਾ ਪੱਤਿਆਂ ਤੇ ਹਮਲਾ ਕਰਦਾ ਹੈ। ਇਸ ਦੀਆਂ ਸੁੰਡੀਆਂ ਪੱਤਿਆਂ ਵਿੱਚ ਸੁਰੰਗਾਂ ਬਣਾ ਲੈਂਦੀਆਂ ਹਨ ਅਤੇ ਇਹਨਾਂ ਸੁਰੰਗਾਂ ਵਿੱਚ ਬੈਠ ਕੇ ਪੱਤਿਆਂ ਨੂੰ ਅੰਦਰੋਂ ਖਾਂਦੀਆਂ ਹਨ। ਇਸ ਕੀੜੇ ਦਾ ਜ਼ਿਆਦਾ ਹਮਲਾ ਦਸੰਬਰ ਤੋਂ ਲੈ ਕੇ ਮਾਰਚ ਤੱਕ ਹੁੰਦਾ ਹੈ।

**2. ਰਸ ਚੂਸਣ ਵਾਲੇ ਕੀੜੇ :** ਥਰਿੱਪ ਜਾਂ ਜੂੰ ਮਟਰਾਂ ਦੇ ਪੱਤਿਆਂ ਦਾ ਰਸ ਚੂਸ ਕੇ ਬਹੁਤ ਨੁਕਸਾਨ ਕਰਦਾ ਹੈ। ਚੇਪਾ ਵੀ ਪੱਤਿਆਂ ਦਾ ਰਸ ਚੂਸ ਲੈਂਦਾ ਹੈ ਜਿਸ ਨਾਲ ਪੱਤੇ ਪੀਲੇ ਪੈ ਜਾਂਦੇ ਹਨ।

**3. ਤਣੇ ਦੀ ਮੱਖੀ :** ਇਸ ਕੀੜੇ ਕਰਕੇ ਜ਼ਿਆਦਾ ਨੁਕਸਾਨ ਮਟਰਾਂ ਦੀ ਫ਼ਸਲ ਉੱਗਣ ਵੇਲੇ ਹੁੰਦਾ ਹੈ। ਇਸ ਕੀੜੇ ਦੀਆਂ ਸੁੰਡੀਆਂ ਤਣੇ ਵਿੱਚ ਮੋਰੀਆਂ ਕਰਕੇ ਅੰਦਰ ਵੜ੍ਹ ਜਾਂਦੀਆਂ ਹਨ ਜਿਸ ਨਾਲ ਬੂਟੇ ਕੁਮਲਾਅ ਜਾਂਦੇ ਹਨ ਅਤੇ ਫਿਰ ਮਰ ਜਾਂਦੇ ਹਨ। ਇਸ ਦੀਆਂ ਮੱਖੀਆਂ ਵੀ ਪੱਤਿਆਂ ਤੇ ਹਮਲਾ ਕਰਦੀਆਂ ਹਨ ਜਿਸ ਨਾਲ ਪੱਤੇ ਪੀਲੇ ਪੈ ਜਾਂਦੇ ਹਨ। ਇਸ ਕੀੜੇ ਦਾ ਜ਼ਿਆਦਾ ਹਮਲਾ ਅਗੇਤੀ ਬੀਜੀ ਫ਼ਸਲ ਤੇ ਹੁੰਦਾ ਹੈ। ਇਸ ਲਈ ਮਟਰਾਂ ਦੀ ਬਿਜਾਈ ਅਕਤੂਬਰ ਦੇ ਦੂਜੇ ਅੱਧ ਵਿੱਚ ਕਰਨੀ ਚਾਹੀਦੀ ਹੈ। ਬਿਜਾਈ ਸਮੇਂ 10 ਕਿੱਲੋ ਫਿਊਰਾਡਾਨ 3 ਜੀ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ ਸਿਆੜਾਂ ਵਿੱਚ ਪਾਉਣਾ ਚਾਹੀਦਾ ਹੈ। ਜ਼ਹਿਰ ਦੀ ਵਰਤੋਂ ਕਰਨ ਲੱਗਿਆਂ ਹੱਥਾਂ ਨੂੰ ਦਸਤਾਨੇ ਜ਼ਰੂਰ ਪਾਉਣੇ ਚਾਹੀਦੇ ਹਨ।

**ਬਿਮਾਰੀਆਂ :**

**1. ਸੋਕਾ ਅਤੇ ਜੜ੍ਹਾਂ ਦਾ ਗਾਲਾ :** ਇਹ ਬਿਮਾਰੀ ਉੱਲੀ ਕਰਕੇ ਹੁੰਦੀ ਹੈ। ਜੇਕਰ ਬਿਜਾਈ ਅਗੇਤੀ ਕੀਤੀ ਜਾਵੇ ਤਾਂ ਵੱਧ ਤਾਪਮਾਨ ਹੋਣ ਕਰਕੇ ਇਸ ਦੇ ਹਮਲੇ ਦੇ ਅਸਰ ਜ਼ਿਆਦਾ ਹੁੰਦੇ ਹਨ। ਇਸ ਬਿਮਾਰੀ ਦੀਆਂ ਨਿਸ਼ਾਨੀਆਂ ਬੂਟੇ ਦੇ ਹੇਠਲੇ ਹਿੱਸੇ ਤੇ ਦਿਸਦੀਆਂ ਹਨ। ਬੂਟੇ ਦੇ ਜ਼ਮੀਨ ਨਾਲ ਲੱਗਦੇ ਹਿੱਸੇ ਉੱਤੇ ਲਾਲ-ਭੂਰੇ ਰੰਗ ਦੇ ਧੱਸੇ ਹੋਏ ਚਟਾਖ ਬਣ ਜਾਂਦੇ ਹਨ। ਇਹ ਧੱਬੇ ਜੜ੍ਹਾਂ ਤੱਕ ਪਹੁੰਚ ਜਾਂਦੇ ਹਨ ਜਿਸ ਨਾਲ ਜੜ੍ਹਾਂ ਗਲ ਜਾਂਦੀਆਂ ਹਨ। ਪੱਤੇ ਪੀਲੇ ਪੈ ਜਾਂਦੇ ਹਨ ਅਤੇ ਬੂਟੇ ਮੁਰਝਾ ਕੇ ਸੁੱਕ ਜਾਂਦੇ ਹਨ। ਇਸ ਬਿਮਾਰੀ ਦੇ ਜੀਵਾਣੂੰ ਮਿੱਟੀ ਵਿੱਚ ਹੀ ਅਗਲੇ ਸਾਲ ਤੱਕ ਜੀਵਤ ਰਹਿੰਦੇ ਹਨ। 27-30°C ਤਾਪਮਾਨ ਇਸ ਬਿਮਾਰੀ ਲਈ ਬਹੁਤ ਅਨੁਕੂਲ ਹੁੰਦਾ ਹੈ। ਇਸ ਦੀ ਰੋਕਥਾਮ ਕਰਨ ਲਈ ਸ਼ੁਰੂ ਤੋਂ ਹੀ ਉਪਰਾਲੇ ਕਰਨੇ ਚਾਹੀਦੇ ਹਨ। ਜਿਹੜੇ ਖੇਤ ਵਿੱਚ ਪਿਛਲੇ ਸਾਲ ਬਿਮਾਰੀ ਆਈ ਹੋਵੇ, ਅਜਿਹੇ ਖੇਤ ਵਿੱਚ ਕਦੇ ਵੀ ਬਿਜਾਈ ਅਗੇਤੀ ਨਾ ਕੀਤੀ ਜਾਏ। ਨਾਲ ਹੀ ਬਿਜਾਈ ਤੋਂ ਪਹਿਲਾਂ ਬੀਜ ਨੂੰ ਸੋਧ ਲੈਣਾ ਚਾਹੀਦਾ ਹੈ। ਸੋਧ ਕਰਨ ਲਈ ਇੱਕ ਕਿੱਲੋ ਬੀਜ ਵਾਸਤੇ 15 ਗ੍ਰਾਮ ਸੂਡੋਮੋਨਾਸ ਫਲੋਰੇਸੈਂਸ ਪਾਊਡਰ ਵਰਤਨਾ ਚਾਹੀਦਾ ਹੈ।

**2. ਚਿੱਟੋਂ ਦਾ ਰੋਗ :** ਇਹ



ਬਿਮਾਰੀ ਵੀ ਉੱਲੀ ਨਾਲ ਹੁੰਦੀ ਹੈ। ਇਸ ਦਾ ਹਮਲਾ ਦਰਮਿਆਨੇ ਸਮੇਂ ਅਤੇ ਲੇਟ ਪੱਕਣ ਵਾਲੀਆਂ ਕਿਸਮਾਂ ਤੇ ਵਧੇਰੇ ਹੁੰਦਾ ਹੈ ਜਦੋਂ ਕਿ ਅਗੇਤੀਆਂ ਪੱਕਣ ਵਾਲੀਆਂ ਕਿਸਮਾਂ ਇਸ ਦੇ ਹਮਲੇ ਤੋਂ ਬਚ ਜਾਂਦੀ ਹੈ। ਚਿੱਟੋਂ ਦੀਆਂ ਨਿਸ਼ਾਨੀਆਂ ਪਹਿਲਾਂ ਪੱਤਿਆਂ ਤੇ ਦਿਸਦੀਆਂ ਹਨ ਪਰ ਬਾਅਦ ਵਿੱਚ ਟਹਿਣੀਆਂ ਅਤੇ ਫਲੀਆਂ ਉੱਤੇ ਵੀ ਆ ਜਾਂਦੀਆਂ ਹਨ। ਹਮਲੇ ਵਾਲੇ ਹਿੱਸੇ ਤੇ ਚਿੱਟੇ ਰੋਗ ਦਾ ਆਟੇ ਵਰਗਾ ਧੂੜਾ ਜੰਮ ਜਾਂਦਾ ਹੈ। ਜ਼ਿਆਦਾ ਹਮਲੇ ਦੀ ਸੂਰਤ ਵਿੱਚ ਚਿੱਟਾ ਧੂੜਾ ਪੂਰੇ ਬੂਟੇ ਨੂੰ ਢੱਕ ਲੈਂਦਾ ਹੈ। ਫਲੀਆਂ ਉੱਤੇ ਇਸ ਦੇ ਹਮਲੇ ਨਾਲ ਫਲੀਆਂ ਵਿੱਚਲੇ ਦਾਣੇ ਸੁੰਗੜ ਜਾਂਦੇ ਹਨ ਜਿਸ ਕਰਕੇ ਝਾੜ ਬਹੁਤ ਘੱਟ ਜਾਂਦਾ ਹੈ। ਇਸ ਬਿਮਾਰੀ ਦੇ ਜੀਵਾਣੂੰ ਫ਼ਸਲ ਦੇ ਰਹਿੰਦ-ਖੂੰਹਦ ਉੱਤੇ ਮਿੱਟੀ ਵਿੱਚ ਅਗਲੇ ਸਾਲ ਤੱਕ ਬਚੇ ਰਹਿੰਦੇ ਹਨ। ਆਮ ਤੌਰ ਤੇ ਇਹ ਬਿਮਾਰੀ ਜਨਵਰੀ ਮਹੀਨੇ ਦੇ ਅੰਤ ਵਿੱਚ ਆਉਂਦੀ ਹੈ ਅਤੇ ਉਸ ਤੋਂ ਬਾਅਦ ਜੇਕਰ ਮੌਸਮ ਖੁਸ਼ਕ ਅਤੇ ਗਰਮ ਰਹੇ ਤਾਂ ਇਸ ਦਾ ਵਾਧਾ ਜ਼ਿਆਦਾ ਹੁੰਦਾ ਹੈ। ਇਸ ਬਿਮਾਰੀ ਦੀ ਰੋਕਥਾਮ ਲਈ ਫ਼ਸਲ ਦੀ ਕਟਾਈ ਤੋਂ ਬਾਅਦ ਰਹਿੰਦ-ਖੂੰਹਦ ਨੂੰ ਨਸ਼ਟ ਕਰ ਦੇਣਾ ਚਾਹੀਦਾ ਹੈ। ਨਿਸ਼ਾਨੀਆਂ ਨਜ਼ਰ ਆਉਣ ਤੇ 600 ਗ੍ਰਾਮ ਸਲਫੈਕਸ ਪ੍ਰਤੀ ਏਕੜ ਦੇ ਹਿਸਾਬ ਨਾਲ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨਾ ਚਾਹੀਦਾ ਹੈ। ਲੋੜ ਪੈਣ ਤੇ 10 ਦਿਨਾਂ ਦੇ ਵਕਫ਼ੇ ਤੇ ਦੁਬਾਰਾ ਛਿੜਕਾਅ ਕੀਤਾ ਜਾ ਸਕਦਾ ਹੈ।

**3. ਕੁੰਗੀ :** ਉੱਲੀ ਨਾਲ ਹੋਣ ਵਾਲੀ ਇਹ ਬਿਮਾਰੀ ਵੀ ਮਟਰਾਂ ਦੀ ਫ਼ਸਲ ਦਾ ਬਹੁਤ ਨੁਕਸਾਨ ਕਰਦੀ ਹੈ। ਇਸ ਬਿਮਾਰੀ ਦੇ ਲੱਛਣ ਲਗਭੱਗ ਦਸੰਬਰ ਮਹੀਨੇ ਦੇ ਅਖੀਰ ਵਿੱਚ ਸ਼ੁਰੂ ਹੁੰਦੇ ਹਨ ਪਰ ਕਈ ਵਾਰ ਅਗੇਤੀ ਬੀਜੀ ਫ਼ਸਲ ਵਿੱਚ ਇਹ ਬਿਮਾਰੀ ਨਵੰਬਰ ਮਹੀਨੇ ਹੀ ਹਮਲਾ ਕਰ ਦਿੰਦੀ ਹੈ ਜਿਸ ਕਰਕੇ ਨੁਕਸਾਨ ਹੋਰ ਵਧ ਜਾਂਦਾ ਹੈ। ਪਹਿਲਾਂ ਇਹ ਬਿਮਾਰੀ ਪੱਤਿਆਂ ਉੱਤੇ ਆਉਂਦੀ ਹੈ ਅਤੇ ਬਾਅਦ ਵਿੱਚ ਟਹਿਣੀਆਂ ਅਤੇ ਫਲੀਆਂ ਉੱਤੇ ਵੀ ਆ ਜਾਂਦੀ ਹੈ। ਪੱਤਿਆਂ ਦੇ ਹੇਠਲੇ ਪਾਸੇ ਪੀਲੇ ਜਾਂ ਲਾਲ-ਭੂਰੇ ਰੰਗ ਦੇ ਉੱਭਰੇ ਹੋਏ ਧੱਬੇ ਪੈਂਦੇ ਹਨ। ਜ਼ਿਆਦਾ ਹਮਲੇ ਦੀ ਸਥਿਤੀ ਵਿੱਚ ਹਲਕੇ ਪੀਲੇ ਜਾਂ ਭੂਰੇ ਰੰਗ ਦਾ ਧੂੜਾ ਪੱਤਿਆਂ ਦੇ ਉਪਰਲੇ ਹਿੱਸੇ ਤੇ ਵੀ ਨਜ਼ਰ ਆਉਣ ਲੱਗ ਜਾਂਦਾ ਹੈ ਅਤੇ ਪੱਤੇ ਝੜ ਜਾਂਦੇ ਹਨ। ਮਾਰਚ ਮਹੀਨੇ ਵਿੱਚ ਤਾਪਮਾਨ ਵਧਣ ਕਰਕੇ ਧੱਬਿਆਂ ਦਾ ਰੰਗ ਬਦਲ ਕੇ ਕਾਲਾ ਜਿਹਾ ਹੋ ਜਾਂਦਾ ਹੈ। ਫਲੀਆਂ ਦੇ ਦਾਣੇ ਅਕਾਰ ਵਿੱਚ ਛੋਟੇ ਰਹਿ ਜਾਂਦੇ ਹਨ ਅਤੇ ਸੁੰਘੜੇ ਹੋਏ ਹੁੰਦੇ ਹਨ। ਇਸ ਬਿਮਾਰੀ ਦੇ ਜੀਵਾਣੂੰ ਮਟਰੀ ਜਾਂ ਰਿਵਾੜੀ ਆਦਿ ਨਦੀਨਾਂ ਉੱਤੇ ਪਲਦੇ ਹਨ। ਠੰਡੇ ਅਤੇ ਸਿੱਲ੍ਹੇ ਮੌਸਮ ਵਿੱਚ ਇਹ ਬਿਮਾਰੀ ਗੰਭੀਰ ਰੂਪ ਧਾਰਨ ਕਰ ਲੈਂਦੀ ਹੈ। ਇਸ ਦੀ ਰੋਕਥਾਮ ਲਈ ਖੇਤ ਨੂੰ ਨਦੀਨਾਂ ਤੋਂ ਮੁਕਤ ਰੱਖਣਾ ਚਾਹੀਦਾ ਹੈ ਅਤੇ ਲਗਾਤਾਰ ਫ਼ਸਲ ਦਾ ਨਿਰੀਖਣ ਕਰਦੇ ਰਹਿਣਾ ਚਾਹੀਦਾ ਹੈ। ਦਸੰਬਰ ਮਹੀਨੇ ਦੇ ਅਖੀਰ ਵਿੱਚ 400 ਗ੍ਰਾਮ ਇੰਡੋਫਿਲ ਐਮ-45 ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰ ਦੇਣਾ ਚਾਹੀਦਾ ਹੈ। ਲੋੜ ਮੁਤਾਬਕ 10 ਦਿਨਾਂ ਦੇ ਵਕਫੇ ਤੇ 3 ਛਿੜਕਾਅ ਹੋਰ ਕਰਨੇ ਚਾਹੀਦੇ ਹਨ।

**4. ਮਟਰਾਂ ਦਾ ਗਾਲਾ :** ਵਾਈਟ ਰਾਟ ਨਾਂ ਦੇ ਨਾਲ ਜਾਣੀ ਜਾਣ ਵਾਲੀ ਇਹ ਬਿਮਾਰੀ ਵੀ ਉੱਲੀ ਕਰਕੇ ਹੁੰਦੀ ਹੈ। ਪੱਤੇ, ਤਣੇ ਅਤੇ ਫਲੀਆਂ ਉੱਤੇ ਬੇਤਰਤੀਬੇ ਪਾਣੀ ਭਿੱਜੇ ਧੱਬੇ ਪੈ ਜਾਂਦੇ ਹਨ। ਜ਼ਿਆਦਾਤਰ ਇਹ ਬਿਮਾਰੀ ਫੁੱਲ ਪੈਣ ਅਤੇ ਫਲੀਆਂ ਬਨਣ ਵੇਲੇ ਸ਼ੁਰੂ ਹੁੰਦੀ ਹੈ। ਫਲੀਆਂ ਉੱਤੇ ਬਾਅਦ ਵਿੱਚ ਭੂਰੇ ਰੰਗ ਦੀ ਖੁਰਦਰੀ ਪੇਪੜੀ ਜਿਹੀ ਬਣ ਜਾਂਦੀ ਹੈ। ਜੇਕਰ ਹਵਾ ਵਿੱਚ ਸਿੱਲ੍ਹ ਹੋਵੇ ਤਾਂ ਹਮਲੇ ਵਾਲੇ ਹਿੱਸਿਆਂ ਉੱਤੇ ਚਿੱਟੇ ਰੰਗ ਦੀ ਉੱਲੀ ਦਾ ਮਾਵਾ ਜਿਹਾ ਨਜ਼ਰ ਆਉਂਦਾ ਹੈ। ਫਲੀਆਂ ਵਿੱਚ ਕਾਲੇ ਰੰਗ ਦੀਆਂ ਸਤ ਮਘਰੌੜੀਆਂ (ਸਕਲੇਰੋਸ਼ੀਆ) ਬਣ ਜਾਂਦੀਆਂ ਹਨ। ਇਨ੍ਹਾਂ ਮਘਰੌੜੀਆਂ ਦੇ ਰੂਪ ਵਿੱਚ ਇਹ ਉੱਲੀ ਮਿੱਟੀ ਵਿੱਚ ਬਹੁਤ ਲੰਮੇ ਸਮੇਂ ਤੱਕ ਜਿਊਂਦੀ ਰਹਿੰਦੀ ਹੈ ਅਤੇ ਹਰ ਸਾਲ ਬਿਮਾਰੀ ਦਾ ਕਾਰਣ ਬਣਦੀ ਹੈ। ਠੰਡਾ ਅਤੇ ਸਲ੍ਹਾਬ ਵਾਲਾ ਮੌਸਮ ਵਾਈਟ ਰਾਟ ਲਈ ਬਹੁਤ ਅਨੁਕੂਲ ਹੈ। ਇਸ ਬਿਮਾਰੀ ਤੋਂ ਬਚਾਅ ਲਈ ਮਟਰਾਂ ਦੀ ਫ਼ਸਲ ਨੂੰ ਬੈਂਗਣ, ਗੋਭੀ ਜਾਂ ਗਾਜਰ ਆਦਿ ਫ਼ਸਲਾਂ ਤੋਂ ਬਾਅਦ ਨਹੀਂ ਬੀਜਣਾ ਚਾਹੀਦਾ। ਹਰ ਸਾਲ ਇੱਕੋ ਹੀ ਖੇਤ ਵਿੱਚ ਮਟਰ ਨਹੀਂ ਬੀਜਣੇ ਚਾਹੀਦੇ। ਇਸ ਦੇ ਨਾਲ ਹੀ ਬਿਮਾਰੀ ਦੇ ਵਾਧੇ ਨੂੰ ਰੋਕਣ ਲਈ ਫ਼ਸਲ ਦੀ ਰਹਿੰਦ-ਖੂੰਹਦ ਨੂੰ ਨਸ਼ਟ ਕਰ ਦੇਣਾ ਚਾਹੀਦਾ ਹੈ।

★ **ਨੋਟ :** ਜੇਕਰ ਚਿੱਟੋਂ ਅਤੇ ਕੁੰਗੀ ਰੋਗ ਇਕੱਠੇ ਆ ਜਾਣ ਤਾਂ 600 ਗ੍ਰਾਮ ਸਲਫੈਕਸ ਅਤੇ 400 ਗ੍ਰਾਮ ਇੰਡੋਫਿਲ ਐਮ-45 ਨੂੰ ਰਲਾ ਕੇ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕੀਤਾ ਜਾ ਸਕਦਾ ਹੈ।

## ਵਰਦੀ ਬਦਲੇ ਬਿਰਤੀ



ਜਨਮੇਜਾ ਸਿੰਘ ਜੌਹਲ

ਮਨੁੱਖ ਹਮੇਸ਼ਾ ਹੀ ਕਿਸੇ ਨਾ ਕਿਸੇ ਮਾਨਸਿਕ ਕਣ ਦੀ ਤਲਾਸ਼ ਵਿੱਚ ਰਹਿੰਦਾ ਹੈ। ਇਸੇ ਲਈ ਉਹ ਆਪਣੇ ਆਪ ਨੂੰ ਸਮਰੱਥ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਚਾਹੇ ਉਹ ਕਿਸਾਨ ਹੈ, ਚਾਹੇ ਉਹ ਅਫ਼ਸਰ ਹੈ, ਚਾਹੇ ਉਹ ਕੋਈ ਹੋਰ ਹੈ। ਉਸ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹ ਕਿਸੇ ਨਾ ਕਿਸੇ ਮੁਕਾਮ ’ਤੇ ਪਹੁੰਚੇ ਅਤੇ ਦੁਨੀਆ ਨੂੰ ਦਿਖਾਵੇ ਕਿ ਉਹ ਵੀ ਕੋਈ ਚੀਜ਼ ਹੈ। ਮਨੁੱਖ ਵਿੱਚ ਉਸ ਦੀ ਮਾਨਸਿਕ ਸਥਿਤੀ ਬਦਲ ਜਾਂਦੀ ਹੈ, ਜਦੋਂ ਕੋਈ ਵੀ ਵਰਦੀ ਧਾਰਨ ਕਰ ਲੈਂਦਾ ਹੈ। ਇੱਕ ਆਮ ਬੰਦੇ ਦੇ ਭਾਵੇਂ ਚਪੜਾਸੀ ਵਾਲੀ ਵਰਦੀ ਹੀ ਕਿਉਂ ਨਾ ਪਾ ਦੇਈਏ, ਉਸ ਦੀ ਸੋਚ ਉਸ ਵਰਦੀ ਨਾਲ ਹੀ ਬਦਲ ਜਾਂਦੀ ਹੈ। ਜਦੋਂ ਧਾਰਮਿਕ ਲੋਕ ਆਪਣਾ ਬਾਣਾ ਪਾ ਲੈਂਦੇ ਹਨ ਤਾਂ ਉਨ੍ਹਾਂ ਦਾ ਵਿਹਾਰ ਬਦਲ ਜਾਂਦਾ ਹੈ। ਇਸੇ ਤਰ੍ਹਾਂ ਹੀ ਕੋਈ ਵੀ ਚੀਜ਼ ਜਦੋਂ ਆਪਣਾ ਰੂਪ ਬਦਲਦੀ ਹੈ ਜਾਂ ਆਪਣੀ ਵਰਦੀ ਬਦਲਦੀ ਹੈ ਤਾਂ ਉਸ ਦੇ ਸੁਭਾਅ ਵਿੱਚ ਫ਼ਰਕ ਪੈ ਜਾਂਦਾ ਹੈ। ਇਸ ਤੋਂ ਮਨੁੱਖ ਦੀ ਪਛਾਣ ਵੀ ਹੁੰਦੀ ਹੈ ਕਿ ਉਹ ਕੀ ਹੈ, ਜਿਵੇਂ ਕਿ ਮਜ਼ਦੂਰ ਜਾਂ ਕਿਸਾਨ। ਉਸ ਦੀ ਘਸੀ ਹੋਈ ਜੁੱਤੀ ਉਸ ਦੀ ਹਾਲਤ ਬਿਆਨ ਕਰ ਦਿੰਦੀ ਹੈ। ਸਾਡੇ ਮਨਾਂ ਵਿੱਚ ਬਹੁਤੀ ਵਾਰ ਬਦਲਾਅ ਸਾਡੀ ਵਰਦੀ ਕਰਕੇ ਹੀ ਆਉਂਦਾ ਹੈ। ਇਹ ਵਰਦੀ ਸਿਰਫ਼ ਸਰੀਰ ਢੱਕਣ ਲਈ ਪਾਏ ਹੋਏ ਕੱਪੜੇ ਹੀ ਨਹੀਂ ਹੁੰਦੇ, ਇਹ ਸਾਡੇ ਮਨ ਵਿੱਚ ਵਸੀ ਹੋਈ ਸਾਡੇ ਅਹੁੱਦੇ ਦੀ ਸਰਦਾਰੀ ਵੀ ਹੁੰਦੀ ਹੈ। ਇਸ ਲਈ ਜਦੋਂ ਵੀ ਤੁਸੀਂ ਕਿਸੇ ਮਨੁੱਖ ਨਾਲ ਵਰਤੋਂ ਤਾਂ ਇਸ ਗੱਲ ਦਾ ਧਿਆਨ ਰੱਖੋ ਕਿ ਉਹ ਕਿਸ ਕਿਸਮ ਦੀ ਵਰਦੀ ਦਾ ਧਾਰਨੀ ਹੈ ਕਿਉਕਿ ਵਰਦੀ ਆਪਣਾ ਰੰਗ ਵੀ ਵਿਖਾਉਂਦੀ ਹੈ। ਸੋ, ਉਸ ਰੰਗ ਤੋਂ ਬਚਣਾ ਜਾਂ ਉਸ ਰੰਗ ਨੂੰ ਵਰਤਣਾ ਇਹ ਸਾਡੇ ਆਪਣੇ ਹੱਥ ਵਿੱਚ ਹੀ ਹੁੰਦਾ ਹੈ।

# ਸਬਜ਼ੀਆਂ ਨੂੰ ਵਾਤਾਵਰਨ ਚੁਣੌਤੀਆਂ ਤੋਂ ਬਚਾਉਣ ਲਈ ਕੁਝ ਅਹਿਮ ਨੁਕਤੇ

ਪ੍ਰਕਾਸ਼ ਮਹਲਾ, ਪੀ. ਏ. ਯੂ. - ਖੇਤਰੀ ਖੋਜ ਕੇਂਦਰ, ਅਬੋਹਰ
ਨਵਜੋਤ ਸਿੰਘ ਬਰਾੜ ਅਤੇ ਦਿਲਪ੍ਰੀਤ ਤਲਵਾਰ, ਸਬਜ਼ੀ ਵਿਗਿਆਨ ਵਿਭਾਗ, ਲੁਧਿਆਣਾ

**ਖੇਤੀਬਾੜੀ ਪੰਜਾਬ ਦੇ ਪੇਂਡੂ ਅਰਥਤੰਤਰ ਦੀ ਰੀੜ ਹੈ, ਜੋ ਕਿ ਖੁਰਾਕ ਸੁਰੱਖਿਆ ਅਤੇ ਰੋਜ਼ੀ-ਰੋਟੀ ਦੀ ਗਰੰਟੀ ਦਿੰਦੀ ਹੈ ਅਤੇ ਸਬਜ਼ੀਆਂ ਦੀ ਕਾਸ਼ਤ ਇਸ ਦਾ ਇੱਕ ਅਹਿਮ ਹਿੱਸਾ ਹੈ । ਪਰ, ਸਬਜ਼ੀ ਫ਼ਸਲਾਂ ਨੂੰ ਆਮ ਤੌਰ ਤੇ ਤਾਪਮਾਨ ਦੇ ਉਤਾਰ-ਚੜ੍ਹਾਵ, ਹਨੇਰੀ-ਝੱਖੜ, ਭਾਰੀ ਮੀਂਹ ਅਤੇ ਖਾਰਾਪਣ ਵਰਗੀਆਂ ਵਾਤਾਰਵਨ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ । ਕਿਸਾਨ ਕੁਝ ਉਪਾਅ ਕਰਕੇ ਆਪਣੀ ਫ਼ਸਲ ਨੂੰ ਇਨ੍ਹਾਂ ਅਲਾਮਤਾਂ ਸੁਰੱਖਿਅਤ ਕਰਕੇ ਰੱਖ ਸਕਦੇ ਹਨ ।**

**ਉੱਚ ਤਾਪਮਾਨ ਤੋਂ ਸੁਰੱਖਿਆ :** ਵਧੇਰੇ ਗਰਮੀ ਕਾਰਨ ਪੌਦੇ ਤਨਾਅ ਵਿੱਚ ਆ ਜਾਂਦੇ ਹਨ, ਜਿਸ ਨਾਲ ਫ਼ਸਲ ਦੀ ਉਤਪਾਦਨਤਾ ਅਤੇ ਗੁਣਵੱਤਾ ਵਿੱਚ ਘਾਟ ਆਉਂਦੀ ਹੈ । ਹੇਠ ਲਿਖੀਆਂ ਤਕਨੀਕਾਂ ਨਾਲ ਗਰਮੀ ਕਾਰਨ ਹੋਣ ਵਾਲੇ ਨੁਕਸਾਨ ਨੂੰ ਘੱਟ ਕੀਤਾ ਜਾ ਸਕਦਾ ਹੈ :

★ **ਮਲਚਿੰਗ :** ਤੂੜੀ, ਸੁੱਕੇ ਪੱਤੇ ਜਾਂ ਪਲਾਸਟਿਕ ਮਲਚ ਦੀ ਵਰਤੋਂ ਨਾਲ ਮਿੱਟੀ ਦੀ ਨਮੀ ਨੂੰ ਬਣਾਈ ਰੱਖਣ ਅਤੇ ਤਾਪਮਾਨ ਵਿੱਚ ਆਉਣ ਵਾਲੇ ਵਾਧੂ ਉਤਾਰ-ਚੜ੍ਹਾਵ ਕੰਟਰੋਲ ਕੀਤਾ ਜਾ ਸਕਦਾ ਹੈ ।

★ **ਛਾਂਦਾਰ ਜਾਲ ਲਗਾਉਣਾ :** ਛਾਂਦਾਰ ਜਾਲ ਲਗਾ ਕੇ ਫ਼ਸਲਾਂ ਨੂੰ ਤਪਸ਼ ਅਤੇ ਧੁੱਪ-ਸੜਨ ਤੋ ਬਚਾਇਆ ਜਾ ਸਕਦਾ ਹੈ ।

★ **ਵਧੀਆ ਸਿੰਚਾਈ ਪ੍ਰਬੰਧ :** ਤੁਪਕਾ ਸਿੰਚਾਈ ਦੀ ਵਰਤੋਂ ਨਾਲ ਪਾਣੀ ਦੀ ਬਚਤ ਹੋਣ ਦੇ ਨਾਲ-ਨਾਲ ਪੌਦੇ ਉੱਚ ਤਾਪਮਾਨ ਤੋਂ ਹੋਣ ਵਾਲੇ ਨੁਕਸਾਨ ਤੋਂ ਵੀ ਬਚਦੇ ਹਨ ।

★ **ਗਰਮੀ ਸਹਿਣਸ਼ੀਲ ਕਿਸਮਾਂ :** ਗਰਮੀ ਅਤੇ ਸੋਕੇ ਨੂੰ ਸਹਿਣਸ਼ੀਲ ਟਮਾਟਰ, ਮਿਰਚ ਅਤੇ ਭਿੰਡੀ ਦੀਆਂ ਕਿਸਮਾਂ ਦੀ ਕਾਸ਼ਤ ਕਰੋ ।

**ਹਨੇਰੀ-ਝੱਖੜ ਤੋਂ ਸੁਰੱਖਿਆ :** ਹਨੇਰੀ-ਝੱਖੜ ਨਾਲ ਪੌਦੇ ਉੱਖੜ ਸਕਦੇ ਹਨ, ਟੁੱਟ ਸਕਦੇ ਹਨ ਅਤੇ ਪਾਣੀ ਦੀ ਕਮੀ ਕਾਰਨ ਸੁੱਕ ਸਕਦੇ ਹਨ । ਹੇਠ ਲਿਖੇ ਉਪਾਅ ਕਰਕੇ ਇਸ ਨੁਕਸਾਨ ਤੋਂ ਬਚਾਓ ਕੀਤਾ ਜਾ ਸਕਦਾ ਹੈ ।

★ **ਹਵਾਰੋਕੂ ਰੁੱਖ ਪੱਟੀ :** ਖੇਤਾਂ ਦੇ ਆਲੇ-ਦੁਆਲੇ ਦਰੱਖਤ ਜਾਂ ਲੰਬੇ ਘਾਹ ਲਗਾ ਕੇ ਹਵਾ ਦੀ ਗਤੀ ਨੂੰ ਹੌਲੀ ਕੀਤਾ ਜਾ ਸਕਦਾ ਹੈ । ਇਸ ਤਰ੍ਹਾਂ ਕਰਨ ਨਾਲ ਹਨੇਰੀ-ਝੱਖੜ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ ।

★ **ਸਟੇਕਿੰਗ ਅਤੇ ਸਹਾਰਾ :** ਟਮਾਟਰ, ਸ਼ਿਮਲਾ ਮਿਰਚ ਅਤੇ ਹੋਰ ਨਾਜ਼ੁਕ ਫ਼ਸਲਾਂ ਨੂੰ ਸਹਾਰਾ ਦੇ ਕੇ ਹਨੇਰੀ-ਝੱਖੜ ਤੋਂ ਬਚਾਇਆ ਜਾ ਸਕਦਾ ਹੈ ।

★ **ਸੰਘਣੀ ਖੇਤੀ :** ਪੌਦੇ ਸੰਘਣੇ ਲਗਾਉਣ ਨਾਲ ਉਹ ਇੱਕ-ਦੂਜੇ ਨੂੰ ਹਵਾ ਦੇ ਪ੍ਰਭਾਵ ਤੋਂ ਬਚਾ ਸਕਦੇ ਹਨ ।

★ **ਵਾੜ :** ਸਥਾਨਕ ਝਾੜੀਆਂ ਦੀ ਵਾੜ ਦੇ ਤੌਰ ਤੇ ਵਰਤੋਂ ਨਾਲ ਹਨੇਰੀ-ਝੱਖੜ ਨਾਲ ਹੋਣ ਵਾਲੇ ਨੁਕਸਾਨ ਨੂੰ ਘੱਟ ਕੀਤਾ ਜਾ ਸਕਦਾ ਹੈ ।

**ਭਾਰੀ ਮੀਂਹ ਤੋਂ ਸੁਰੱਖਿਆ :** ਵਧੇਰੇ ਮੀਂਹ ਕਾਰਨ ਖੇਤਾਂ ਵਿੱਚ ਪਾਣੀ ਖੜ੍ਹਾ ਹੋ ਸਕਦਾ ਹੈ, ਉੱਲੀ ਵਾਲੀ ਬਿਮਾਰੀਆਂ ਵੱਧ ਸਕਦੀਆਂ ਹਨ ਅਤੇ ਲੀਚਿੰਗ ਕਾਰਨ ਪੌਦਿਆਂ ਵਿੱਚ ਜ਼ਰੂਰੀ ਤੱਤਾਂ ਦੀ ਘਾਟ ਹੋ ਸਕਦੀ ਹੈ । ਹੇਠ ਲਿਖੀਆਂ ਰਣਨੀਤੀਆਂ ਨਾਲ ਅਜਿਹੀਆਂ ਮੁਸ਼ਕਲਾਂ ਤੋਂ ਬਚਾਓ ਕੀਤਾ ਜਾ ਸਕਦਾ ਹੈ ।

★ **ਵੱਟਾਂ ਤੇ ਜਾਂ ਉੱਚੇ ਬੈੱਡ ਵਾਲੀ ਕਾਸ਼ਤ :** ਉੱਚੇ ਬੈੱਡ ਬਣਾਉਣ ਜਾਂ ਵੱਟਾਂ ਤੇ ਲਾਉਣ ਨਾਲ ਪਾਣੀ ਦਾ ਨਿਕਾਸ ਚੰਗਾ ਹੁੰਦਾ ਹੈ ਅਤੇ ਜੜ੍ਹਾਂ ਦਾ ਦਮ ਘੁਟਣ ਤੋਂ ਬਚਾਵ ਹੁੰਦਾ ਹੈ ।

★ **ਸੰਯੁਕਤ ਨਿਕਾਸ ਪ੍ਰਣਾਲੀ :** ਚੰਗੀ ਤਰ੍ਹਾਂ ਬਣਾਈਆਂ ਗਈਆਂ ਪਾਣੀ ਦੇ ਨਿਕਾਸ ਪ੍ਰਣਾਲੀਆਂ ਖੇਤ ਵਿੱਚ ਪਾਣੀ ਨੂੰ ਖੜ੍ਹਾ ਹੋਣ ਤੋਂ ਬਚਾਉਣ ਵਿੱਚ ਮਦਦ ਕਰਦੀਆਂ ਹਨ ।

★ **ਮੀਂਹ-ਸਹਿਣਸ਼ੀਲ ਫ਼ਸਲਾਂ :** ਸਬਜ਼ੀਆਂ ਜਿਵੇਂ ਕਿ ਪਾਲਕ, ਸਰ੍ਹੋਂ ਦੇ ਪੱਤੇ ਤੇ ਮੂਲੀ ਵਧੇਰੇ ਪਾਣੀ ਨੂੰ ਸਹਿਣ ਕਰ ਸਕਦੀਆਂ ਹਨ ।

★ **ਜੈਵਿਕ ਕੀਟ-ਨਿਯੰਤਰਣ :** ਨੀਮ-ਅਧਾਰਤ ਅਤੇ ਹੋਰ ਕੁਦਰਤੀ ਉਲੀਨਾਸ਼ਕਾਂ ਦੀ ਵਰਤੋਂ ਨਾਲ ਨਮੀ ਕਾਰਨ ਹੋਣ ਵਾਲੀਆਂ ਕੀਟ-ਬਿਮਾਰੀਆਂ ਨੂੰ ਰੋਕਿਆ ਜਾ ਸਕਦਾ ਹੈ ।

**ਠੰਡ ਅਤੇ ਕੋਰੇ ਤੋਂ ਬਚਾਉ :** ਠੰਡ ਪੌਦਿਆਂ ਦੇ ਵਾਧੇ ਨੂੰ ਰੋਕਦੀ ਹੈ, ਪੱਤਿਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ ਅਤੇ ਫ਼ਸਲ ਨਸ਼ਟ ਕਰ ਸਕਦੀ ਹੈ । ਹੇਠ ਲਿਖੀਆਂ ਤਕਨੀਕਾਂ ਨਾਲ ਇਸ ਤੋਂ ਬਚਾਓ ਕੀਤਾ ਜਾ ਸਕਦਾ ਹੈ :

★ **ਮਲਚਿੰਗ :** ਤੂੜੀ ਸੁੱਕੇ ਪੱਤੇ ਜਾਂ ਕੰਮਪੋਸਟ ਦੀ ਵਰਤੋਂ ਨਾਲ ਠੰਢ ਅਤੇ ਕੋਰੇ ਤੋਂ ਸੁਰੱਖਿਅਤ ਕੀਤਾ ਜਾ ਸਕਦਾ ਹੈ ।

★ **ਕਤਾਰਾਂ ਨੂੰ ਢੱਕਣਾ ਅਤੇ ਪੋਲੀਟਨਲ :** ਫ਼ਸਲ ਦੀਆਂ ਕਤਾਰਾਂ ਨੂੰ ਕੱਪੜੇ ਨਾਲ ਢੱਕ ਕੇ ਜਾਂ ਫਿਰ ਪਲਾਸਟਿਕ ਸੁਰੰਗ ਦੀ ਵਰਤੋਂ ਕਰਕੇ ਫ਼ਸਲਾਂ ਨੂੰ ਠੰਡ ਅਤੇ ਕੋਰੇ ਤੋਂ ਬਚਾਅ ਸਕਦੇ ਹਾਂ ।

★ **ਪਾਣੀ ਦੇਣ ਦੀ ਤਕਨੀਕ :** ਕੋਰੇ ਤੋਂ ਪਹਿਲਾਂ ਖੇਤ ਵਿੱਚ ਪਾਣੀ ਦੇਣ ਨਾਲ ਫ਼ਸਲ ਦਾ ਬਚਾਅ ਹੁੰਦਾ ਹੈ ।

★ **ਠੰਡ-ਸਹਿਣਸ਼ੀਲ ਕਿਸਮਾਂ :** ਪਾਲਕ, ਬੰਦਗੋਭੀ, ਗਾਜਰ ਅਤੇ ਮੂਲੀ ਘੱਟ ਤਾਪਮਾਨ ਨੂੰ ਸਹਿਣ ਕਰ ਸਕਦੇ ਹਨ ।

★ **ਉੱਚੇ ਬੈੱਡ ਬਨਾਉਣਾ :** ਫ਼ਸਲਾਂ ਦੀ ਕਾਸ਼ਤ ਉੱਚੇ ਬੈੱਡ ਤੇ ਕਰਨ ਨਾਲ ਠੰਡ ਤੇ ਕੋਰੇ ਤੋਂ ਬਚਾਅ ਹੋ ਸਕਦਾ ਹੈ ।

★ **ਹਵਾ ਰੋਕੂ ਰੁੱਖ ਪੱਟੀ :** ਖੇਤ ਦੇ ਚਾਰੇ ਪਾਸੇ ਹਵਾ ਰੋਕੂ ਰੁੱਖ ਪੱਟੀ ਲਗਾਓ ਤਾਂ ਕੀ ਠੰਡੀਆਂ ਹਵਾਵਾਂ ਤੋਂ ਬਚਾਅ ਹੋ ਸਕੇ ।

**ਖਾਰੀਆਂ ਜ਼ਮੀਨਾਂ ਵਿੱਚ ਫ਼ਸਲ ਦਾ ਬਚਾਓ :** ਵਧੇਰੇ ਮਿੱਟੀ ਖਾਰਾਪਣ ਜ਼ਿਆਦਾ ਹੋਣ ਕਾਰਨ ਪੌਦੇ ਖਾਦ ਜਜ਼ਬ ਨਹੀਂ ਕਰ ਸਕਦੇ, ਜਿਸ ਨਾਲ ਉਸ ਦਾ ਵਾਧਾ ਰੁਕ ਜਾਂਦਾ ਹੈ । ਇਸ ਨੂੰ ਕਾਬੂ ਰੱਖਣ ਲਈ ਹੇਠ ਲਿਖੀਆਂ ਤਕਨੀਕਾਂ ਵਰਤੀਆਂ ਜਾ ਸਕਦੀਆਂ ਹਨ :

★ **ਲੀਚਿੰਗ ਅਤੇ ਜਿਪਸਮ ਦੀ ਵਰਤੋਂ :** ਵਧੇਰੇ ਪਾਣੀ ਦੇਣ ਨਾਲ ਵਾਧੂ ਲੂਣ ਨੂੰ ਧੋਇਆ ਜਾ ਸਕਦਾ ਹੈ, ਜਦ ਕਿ ਜਿਪਸਮ ਮਿੱਟੀ ਦੀ ਸੰਰਚਨਾ ਨੂੰ ਸੰਤੁਲਿਤ ਕਰਦਾ ਹੈ ।

★ **ਲੂਣ-ਸਹਿਣਸ਼ੀਲ ਫ਼ਸਲਾਂ :** ਚੁਕੰਦਰ, ਜੌਂ ਅਤੇ ਪਾਲਕ ਵਰਗੀਆਂ ਫ਼ਸਲਾਂ ਉੱਚ ਖਾਰਾਪਣ ਵਾਲੀ ਮਿੱਟੀ ਵਿੱਚ ਵਧੀਆ ਉੱਗ ਸਕਦੀਆਂ ਹਨ ।

★ **ਜੈਵਿਕ ਮਿੱਟੀ ਸੰਸ਼ੋਧਨ :** ਖਾਦ ਅਤੇ ਜੈਵਿਕ ਖਾਦ ਦੀ ਵਰਤੋਂ ਨਾਲ ਮਿੱਟੀ ਦੀ ਗੁਣਵੱਤਾ ਵਧਾਈ ਜਾ ਸਕਦੀ ਹੈ ।

★ **ਫ਼ਸਲ ਪਰਿਵਰਤਨ :** ਮਸਾਲੇ ਜਾਂ ਦਾਲਾਂ ਦੀ ਖੇਤੀ ਕਰਕੇ ਮਿੱਟੀ ਖਾਰਾਪਣ ਨੂੰ ਵਧਣ ਤੋਂ ਰੋਕਿਆ ਜਾ ਸਕਦਾ ਹੈ ।

**ਸਿੱਟਾ :** ਤਾਪਮਾਨ ਦੇ ਉਤਾਰ-ਚੜ੍ਹਾਵ, ਹਨੇਰੀ-ਝੱਖੜ, ਵਧੇਰੇ ਮੀਂਹ, ਠੰਡ ਕੋਰਾ ਅਤੇ ਮਿੱਟੀ ਦੇ ਖਾਰਾਪਣ ਵਰਗੀਆਂ ਤੋਂ ਸਬਜ਼ੀ ਫ਼ਸਲਾਂ ਦੀ ਰੱਖਿਆ ਲਈ ਉੱਪਰ ਦਿੱਤੇ ਗਏ ਕੁੱਝ ਨੁਕਤੇ ਅਪਨਾਉਣ ਨਾਲ ਕਿਸਾਨ ਆਪਣੀ ਉਤਪਾਦਕਤਾ ਅਤੇ ਗੁਣਵੱਤਾ ਬਣਾਈ ਰੱਖ ਸਕਦੇ ਹਨ ।







ਦਿਵਾਲੀ 'ਤੇ ਵਿਸ਼ੇਸ਼

## ਫੇਰ ਦਿਵਾਲੀ ਹੋਵੇਗੀ

ਬਲਵਿੰਦਰ 'ਬਾਲਮ',
ਓਂਕਾਰ ਨਗਰ, ਗੁਰਦਾਸਪੁਰ
ਮੋ. 98156-25409

ਸਭ ਧਰਮਾਂ ਦੇ ਚੜ੍ਹਣ ਸਿਤਾਰੇ ਫੇਰ ਦਿਵਾਲੀ ਹੋਵੇਗੀ ।
ਇੱਕ ਅੰਬਰ ਵਿੱਚ ਹੋਵਣ ਸਾਰੇ ਫੇਰ ਦਿਵਾਲੀ ਹੋਵੇਗੀ ।
ਸੂਰਜ ਦੀ ਲੋਅ, ਚੰਦਾ ਦਾ ਲੋਅ, ਦੀਵੇ ਦੀ ਲੋਅ, ਜੁਗਨੂੰ ਦੀ ਲੋਅ ।
ਛੋਟੇ ਵੱਡੇ ਆਦਰ ਨੂੰ ਇੱਕ ਹੀ ਮਾਲਾ ਵਿੱਚ ਪਿਰੋ ।
ਹਾਕਮ ਸਭ ਦੇ ਹਿੱਤ ਵਿਚਾਰੇ ਫੇਰ ਦਿਵਾਲੀ ਹੋਵੇਗੀ ।
ਸਭ ਧਰਮਾਂ ਦੇ ਚੜ੍ਹਦ ਸਿਤਾਰੇ ਫੇਰ ਦਿਵਾਲੀ ਹੋਵੇਗੀ ।
ਟਹਿਣੀ-ਟਹਿਣੀ ਖਿੜੀਆਂ ਕਲੀਆਂ ਨੂੰ ਕੋਈ ਮਾਲੀ ਤੋੜੇ ਨਾ ।
ਫੁੱਲ ਗੁਲਾਬੀ ਦੇ ਨਾਲ ਥੋਰ੍ਹਾਂ ਵਰਗੇ ਰਿਸ਼ਤੇ ਜੋੜੇ ਨਾ ।
ਨਿਰਧਨ ਨੂੰ ਰਾਜਾ ਸਤਿਕਾਰੇ ਫੇਰ ਦਿਵਾਲੀ ਹੋਵੇਗੀ ।
ਸਭ ਧਰਮਾਂ ਦੇ ਚੜ੍ਹਣ ਸਿਤਾਰੇ ਫੇਰ ਦਿਵਾਲੀ ਹੋਵੇਗੀ ।
ਬੇਰੁਜ਼ਗਾਰੀ, ਰਿਸ਼ਵਤਖੋਰੀ, ਨਸ਼ਿਆਂ 'ਤੇ ਕਾਬੂ ਕੌਣ ਕਰੇ ।
ਇਸ ਗੰਦਲੇ ਮਾਹੌਲ ਦੇ ਅੰਦਰ ਸੀਸ ਤਲੀ 'ਤੇ ਕੌਣ ਧਰੇ ।
ਬੇੜੀ ਤਾਰਨ ਖੇਵਣਹਾਰੇ ਫੇਰ ਦਿਵਾਲੀ ਹੋਵੇਗੀ ।
ਸਭ ਧਰਮਾਂ ਦੇ ਚੜ੍ਹਦ ਸਿਤਾਰੇ ਫੇਰ ਦਿਵਾਲੀ ਹੋਵੇਗੀ ।
ਉਨਤੀ ਯੁਕਤ ਵਿਦੇਸ਼ਾਂ ਵਾਂਗੂੰ ਨੀਅਤ, ਨੀਤੀ, ਪ੍ਰੀਤ ਬਣੇ ।
ਵੱਖ-ਵੱਖ ਸਾਜਾਂ ਦੀ ਇੱਕ ਧੁਨ ਦਾ ਫਿਰ ਉਤਮ ਸੰਗੀਤ ਬਣੇ ।
ਸ਼ੁੱਧਤਾ, ਬੁੱਧਤਾ ਨਾਲ ਨਜ਼ਾਰੇ ਫੇਰ ਦਿਵਾਲੀ ਹੋਵੇਗੀ ।
ਸਭ ਧਰਮਾਂ ਦੇ ਚੜ੍ਹਦ ਸਿਤਾਰੇ ਫੇਰ ਦਿਵਾਲੀ ਹੋਵੇਗੀ ।
ਫੁੱਲਦੀ-ਫੁੱਲਦੀ ਰੋਟੀ ਲੱਭੇ, ਮੱਖਣ ਸਾਗ ਸਰ੍ਹੋਂ ਦੇ ਨਾਲ ।
ਵੱਖ-ਵੱਖ ਭੋਜਨ ਕੌਲੀਆਂ ਦੇ ਵਿੱਚ, ਭਰਿਆ ਭਰਿਆ ਹੋਵੇ ਥਾਲ ।
ਝੁੱਲੇ ਦੇ ਵਿੱਚ ਹੋਣ ਸਹਾਰੇ ਫੇਰ ਦਿਵਾਲੀ ਹੋਵੇਗੀ
ਸਭ ਧਰਮਾਂ ਦੇ ਚੜ੍ਹਦ ਸਿਤਾਰੇ ਫੇਰ ਦਿਵਾਲੀ ਹੋਵੇਗੀ ।
ਨਾਲ ਮੁਹੱਬਤ ਦੀਵੇ ਹੋਵਣ ਏਧਰ ਵੀ ਤੇ ਓਧਰ ਵੀ ।
ਤਪਦੀਆਂ ਮਾਵਾਂ ਫਿਰ ਨਾ ਹੋਵਣ ਏਧਰ ਵੀ ਤੇ ਓਧਰ ਵੀ ।
ਜਗਮਗ-ਜਗਮਗ ਜਗਣ ਕਿਨਾਰੇ ਫੇਰ ਦਿਵਾਲੀ ਹੋਵੇਗੀ ।
ਸਭ ਧਰਮਾਂ ਦੇ ਚੜ੍ਹਦ ਸਿਤਾਰੇ ਫੇਰ ਦਿਵਾਲੀ ਹੋਵੇਗੀ ।
ਮਾਨਵਤਾ ਦੇ ਹਿਰਦੇ ਅੰਦਰ ਪਿਆਰ ਰਵੇ, ਸਤਿਕਾਰ ਰਵੇ ।
ਚੜ੍ਹਦੇ ਸੂਰਜ ਦੀ ਲਾਲੀ ਦਾ ਘਰ-ਘਰ ਵਿੱਚ ਦੀਦਾਰ ਰਵੇ ।
ਨਾ ਕੋਈ ਜਿੱਤੇ ਨਾ ਕੋਈ ਹਾਰੇ ਫੇਰ ਦਿਵਾਲੀ ਹੋਵੇਗੀ ।
ਸਭ ਧਰਮਾਂ ਦੇ ਚੜ੍ਹਣ ਸਿਤਾਰੇ ਫੇਰ ਦਿਵਾਲੀ ਹੋਵੇਗੀ ।
ਸਾਂਝੀਵਾਲ ਸੁਨੇਹਾ ਦੇਵੇ ਹਰਿਮੰਦਿਰ ਦੇ ਸ਼ਬਦਾਂ ਵਿੱਚੋਂ ।
ਝਿਲਮਿਲ-ਝਿਲਮਿਲ ਦੀਵੇ ਜਗਦੇ ਗੁਰਬਾਣੀ ਦੇ ਅਰਥਾਂ ਵਿੱਚੋਂ ।
ਸ਼ੀਤਲਤਾ ਹੈ ਸਗਲ ਦੁਆਰੇ ਫੇਰ ਦਿਵਾਲੀ ਹੋਵੇਗੀ ।
ਸਭ ਧਰਮਾਂ ਦੇ ਚੜ੍ਹਦ ਸਿਤਾਰੇ ਫੇਰ ਦਿਵਾਲੀ ਹੋਵੇਗੀ ।
ਭਾਰਤ ਦੀ ਖੁਸ਼ਹਾਲੀ ਅੰਦਰ ਏਕਮ ਵਾਲੇ ਚਮਕਣ ਤਾਰੇ ।
ਖੰਡੇ ਬਾਟੇ ਵਾਲਾ ਅੰਮ੍ਰਿਤ ਆਨੰਦਪੁਰੇ ਵਿੱਚ ਗੋਬਿੰਦ ਪਿਆਰੇ ।
ਲੈ ਕੇ ਆਵਣ ਪੰਜ ਪਿਆਰੇ ਫੇਰ ਦਿਵਾਲੀ ਹੋਵੇਗੀ ।
ਸਭ ਧਰਮਾਂ ਦੇ ਚੜ੍ਹਦ ਸਿਤਾਰੇ ਫੇਰ ਦਿਵਾਲੀ ਹੋਵੇਗੀ ।
ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮਾਨਵਤਾ ਵਡਿਆਈ ।
ਉਨ੍ਹਾਂ ਦੀ ਮਰਿਆਦਾ ਦੀ ਅੱਜ ਵੀ ਸੁਣਦੀ ਹੈ ਸ਼ਹਿਨਾਈ ।
ਬੰਦੀ ਰਾਜੇ ਪਾਰ ਉਤਾਰੇ ਫੇਰ ਦਿਵਾਲੀ ਹੋਵੇਗੀ ।
ਸਭ ਧਰਮਾਂ ਦੇ ਚੜ੍ਹਦੇ ਸਿਤਾਰੇ ਫੇਰ ਦਿਵਾਲੀ ਹੋਵੇਗੀ ।
ਭਾਰਤ ਜਿਹੇ ਫਿਰ ਨਿੱਸ-ਸਵਾਰਥ ਦਿਵਾਲੀ ਦੇ ਅਰਥ ਬਣਨ ।
ਹਾਲਾਤਾਂ ਦੇ ਗਰਭ ਵਿੱਚੋਂ 'ਬਾਲਮ' ਨੀਤੀ-ਪਰਿਵਰਤਨ ਜਣਨ ।
ਮੋਹ-ਮਮਤਾ ਹਿਰਦੇ ਨੂੰ ਠਾਰੇ ਫੇਰ ਦਿਵਾਲੀ ਹੋਵੇਗੀ ।
ਸਭ ਧਰਮਾਂ ਦੇ ਚੜ੍ਹਣ ਸਿਤਾਰੇ ਫੇਰ ਦਿਵਾਲੀ ਹੋਵੇਗੀ ।



# ਕਦੋਂ ਤੱਕ ਪਰਾਲੀ ਦੀ ਅੱਗ ਵਿੱਚ ਕਿਸਾਨ, ਮੁਲਾਜ਼ਮ ਤੇ ਸਰਕਾਰਾਂ ਝੁਲਸਦੀਆਂ ਰਹਿਣਗੀਆਂ?



ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ ।

ਪੰਜਾਬ ਸਰਕਾਰ ਨੂੰ ਵੀ ਐਸ. ਐਮ. ਐਸ. ਕੰਬਾਇਨਾਂ ਤੇ ਹਰ ਹਾਲੇ ਲਾਗੂ ਕਰਨਾ ਸ਼ੁਰੂਆਤ ਵਿੱਚ ਔਖਾਂ ਜ਼ਰੂਰ ਹੈ ਲਾਗੂ ਕਰਨਾ ਪਵੇਗਾ । ਜਦਕਿ ਇਸ ਬਾਰੇ ਕੋਈ ਸਖ਼ਤੀ ਨਹੀਂ ਦਿੱਸੀ । ਕਈ ਸਿਆਸੀ ਦਬਾਅ ਬਣਨਗੇ, ਕਈਆਂ ਨੇ ਸਮਾਂ ਮੰਗਣਾ, ਕੁੱਝ ਕਹਿਣਗੇ ਪਹਿਲਾਂ ਨਹੀਂ ਦੱਸਿਆ ਜਾਂ ਪਹਿਲੀਆਂ ਦਾ ਕੀ ਬਣੂ ਜੋ ਪੁਰਾਣੀਆਂ ਜਾਂ ਗੇੜਾ ਆਦਿ ਨਹੀਂ, ਖ਼ੈਰ ਫਸਿਆ ਸਭ ਛੋਟੇ ਵੱਡੇ ਵਿੱਚ ਤਕਨੀਕੀ ਸੋਧਾਂ ਹੋ ਜਾਣਗੀਆਂ ।

ਜਿਵੇਂ ਪੀ ਏ ਯੂ ਦੇ ਐਸ ਐਮ ਐਸ ਵਾਲੀ ਲਾਜਵਾਬ ਚੱਲਦੀਆਂ ਕੰਬਾਇਨਾਂ ਹਨ । ਜਦੋਂ ਬਹੁਤਿਆਂ ਕਿਸਾਨਾਂ ਸਾਹਮਣੇ ਫ਼ਸਲ ਦੀ ਰਹਿੰਦ-ਖੂਹੰਦ ਦੀ ਖੇਤ ਵਿੱਚ ਪਰਾਲੀ ਵੱਡੇ ਪੱਧਰ ਤੇ ਕੁੱਤਰਾ ਜਾਂ ਬੂਰਾ ਹੀ ਹੋ ਗਈ ਤਾਂ ਵੱਡੇ ਏਰੀਏ ਵਿੱਚ ਅੱਗ ਲੱਗੂ ਕਿੱਥੋਂ । ਜੇਕਰ ਫੇਰ ਵੀ ਕਈ ਕਿਸਾਨ ਜ਼ਰੂਰ ਉਪਰਲੇ ਫੂਸ ਨੂੰ ਅੱਗ ਲਗਾਉਂਦੇ ਦਿਸਣਗੇ, ਕਿਉਕਿ ਕੁਝ ਕਹਿੰਦੇ ਸੁਣੇ ਹਨ ਕਿ ਧੂੰਆਂ ਨਹੀਂ ਹੁੰਦਾ, ਮਾੜਾ-ਮਾੜਾ ਬੱਸ ਉਪਰਲਾ ਹੀ ਹੈ । ਪਰ ਬਹੁਤ ਤਜ਼ਰਬੇਕਾਰ ਇੱਥੋਂ ਤੱਕ ਕਹਿੰਦੇ ਰੋਟਾਵੇਟਰ ਹਰਿਆ ਮੁੱਢ ਤਾਂ ਵੈਸੇ ਹੀ ਲੱਭਣ ਦਿੰਦਾ । ਹਾਲਾਂਕਿ ਮੈਂ ਨਿੱਜੀ ਤੌਰ ਤੇ ਆਪਣੇ ਸਾਰੇ ਸੰਪਰਕ ਵਾਲੇ ਕਿਸਾਨ ਭਰਾਵਾਂ ਨੂੰ ਇਹ ਬੇਨਤੀ ਸੁਝਾਅ ਜ਼ਰੂਰ ਕਰ ਰਿਹਾ ਕਿ ਪਰਾਲੀ ਨੂੰ ਜ਼ਮੀਨ ਮਿੱਟੀ ਖੇਤੀ ਦੀ ਖੁਰਾਕ ਸਮਝ ਕੇ ਚੱਲੋ । ਇਹ ਹਰੀ ਰੂੜੀ ਖਾਦ ਹੀ ਹੈ ਇਸ ਨੂੰ ਵਾਧੂ ਫਜ਼ੂਲ ਬੇਲੋੜੀ ਸਮਝ ਵਿਚਾਰ ਕੇ ਖੇਤ ਵਿੱਚੋਂ ਬਾਹਰ ਨਾ ਕੱਢੋ । ਕੁਝ ਕੁ ਲੋਕਾਂ ਦਾ ਕਹਿਣਾ ਇਹ ਸੀ ਅੱਗ ਲਗਾਉਣ ਦਾ ਬਹਾਨਾ ਵੀ ਤਾਂ ਸੁਣਾਉਣ ਲਈ ਚਾਹੀਦਾ ਹੈ । ਪਹਿਲੂਆਂ ਨੂੰ ਦੇਖਣਾ ਤਾਂ ਸਭ ਪਾਸੇ ਪਵੇਗਾ, ਸਾਰੇ ਸੌ ਫ਼ੀਸਦੀ ਨਹੀਂ ਸੁਧਰਨਗੇ । ਹਾਂ ਬਹੁਤ ਸਾਰੇ ਸਰਕਾਰੀ ਤੰਤਰ ਤੇ ਕੋਰਟਾਂ ਦਾ, ਮੁਲਾਜ਼ਮਾਂ ਤੇ ਪ੍ਰਸ਼ਾਸਨ ਦਾ, ਕਿਸਾਨਾਂ ਤੇ ਮੁਲਾਜ਼ਮਾਂ ਦਾ ਦਬਾਅ ਕਾਫ਼ੀ ਹੱਦ ਤੱਕ ਘੱਟ ਜ਼ਰੂਰ ਹੋਵੇਗਾ । ਨਵੀਆਂ ਕੰਬਾਇਨਾਂ ਲੈਣ ਵਾਲਿਆਂ ਲਈ ਤਾਂ ਚੰਗਾ ਰਾਹ ਬਣੂੰ ਪਰ ਪੁਰਾਣੀਆਂ ਕੰਬਾਇਨਾਂ ਵਿੱਚ ਲਗਾਤਾਰ ਸੋਧ ਨਾਲ ਕਿੰਤੂ ਪ੍ਰੰਤੂ ਖ਼ਤਮ ਹੋ ਜਾਵੇਗੀ । ਉਹਨਾਂ ਦੀ ਵੀ ਜਿੱਥੇ ਦੌੜ ਜ਼ਿਆਦਾ ਏਰੀਏ ਵਿੱਚ ਕਾਹਲੀ ਨਾਲ ਕਿਰਨ ਵੀ ਘਟੇਗੀ ਅਤੇ ਕਿਸਾਨ ਨੂੰ ਵੀ ਇਹ ਕਹਿਣਾ ਖ਼ਤਮ ਹੋਵੇਗਾ ਕਿ ਨਾਲ ਵਾਲੇ ਖੇਤ ਦੇ ਕਿਸਾਨਾਂ ਨੇ ਤਾਂ ਜਲਦੀ ਵਿੱਚ ਅਤੇ ਸਸਤੀ ਕਟਾਈ ਬਿਨਾਂ ਐਸ ਐਮ ਐਸ ਦੇ ਕਰਵਾ ਗਿਆ । ਏਥੋਂ ਤੱਕ ਵਾਤਾਵਰਨ ਨੂੰ ਸ਼ੁੱਧ ਸਾਫ਼ ਰੱਖਣ ਦੀ ਗੱਲ ਕਰੀਏ ਤਾਂ ਕਿਸਾਨ ਨੂੰ ਵੀ ਇਹ ਘੱਟ ਕਹਿਣਾ ਪਵੇਗਾ ਕਿ ਨਾਲ ਦੇ ਖੇਤ ਵਿੱਚ ਫ਼ਲਾਣੇ ਨੇ ਅੱਗ ਲਗਾਈ ਸੀ, ਤੂੰ ਮੁਲਾਜ਼ਮਾਂ ਉਥੇ ਕਾਰਵਾਈ ਕਿਉਂ ਨਹੀਂ ਕੀਤੀ । ਮੇਰੇ ਤੇ ਹੀ ਕਿਉਂ ਕਰ ਰਿਹਾ ਭਾਵੇਂ ਉਹ ਸੈਟੇਲਾਈਟ ਰਾਹੀਂ ਆਈ ਸੀ ? ਖ਼ੁਦ ਮੁਲਾਜ਼ਮ ਵੀ ਇਸ ਕਹਿਣੇ ਤੋਂ ਬਰੀ ਹੋਵੇਗਾ ਕਿ ਬੂਰਾ ਰਹਿ ਗਿਆ ਸੀ ਇਹ ਤਾਂ ਹਲਕੀ ਮਸ਼ੀਨ ਨਾਲ ਵੀ ਸਾਂਭਿਆ ਜਾ ਸਕਦਾ ਸੀ । ਦੂਜਾ ਮੁਲਾਜ਼ਮ ਵੀ ਬਚੇਗਾ ਕਿ ਬਹੁਤੇ ਪਿੰਡ ਵਿੱਚ ਤਾਂ ਅੱਗ ਲੱਗੀ ਨਹੀਂ ਫਲਾਣਾ ਸਿੰਹਾਂ । ਤੂੰ ਜ਼ਿਆਦਾ ਕਾਹਲਾ ਸੀ ਕਿ ਲੋਕਾਂ ਦੇ ਸਾਹ ਲੈਣ ਵਾਲੀ ਹਵਾ ਨੂੰ ਪਿੰਡਾਂ ਵਿੱਚ ਖ਼ਰਾਬ ਕਰਨ ਲਈ ਕਿਉਂ ਲਗਾਈ ? ਹਾਂ ਇੱਥੇ ਇਹ ਵੀ ਸੱਚਾਈ ਹੈ ਕਿ ਸਖ਼ਤ ਰੁਖ਼ ਪ੍ਰਸ਼ਾਸਨ ਨੂੰ ਜਾਗਰੂਕਤਾ ਰੋਕ ਟੋਕ ਲਈ ਜਾਰੀ ਰੱਖਣਾ ਪਵੇਗਾ, ਕਿਉਂਕਿ ਅਜਿਹੇ ਵੀ ਲੋਕ ਬੈਠੇ ਹਨ ਜਿਹੜੇ ਅਸਲ ਕਿਸਾਨ ਨਹੀਂ, ਜੋ ਕਹਿਣਗੇ ਤਾਂ ਕੀ ਹੋਇਆ ਦੇਖ ਲਵਾਂਗੇ ਜੋ ਕਰਦੇ, ਉਹਨਾਂ ਆਪਣਾ ਫੁੜਪੁਣਾ ਨਹੀਂ ਛੱਡਣਾ ਪਰ ਉਹ ਘੱਟ ਨੇ । ਇਹ ਵੀ ਕੌੜੀ ਸੱਚਾਈ ਹੈ ਕਿ ਵਿਦੇਸ਼ ਵਾਂਗੂੰ ਸਾਡੇ ਲੋਕ ਕੇਵਲ ਲਾਈਟ ਦੇਖ ਕੇ ਰੁਕ ਜਾਣਗੇ ਤੇ ਪੁਲਿਸ ਦੀ ਲੋੜ ਚੌਕ ਵਿੱਚ ਨਹੀਂ ਪਵੇਗੀ ? ਇਸ ਗੱਲ ਬਾਰੇ ਅਸੀਂ ਇੰਨੇ ਵੀ ਸੁਚੇਤ ਨਹੀਂ ਤਾਂ ਹੀ ਡੰਡਾ ਪੁਲਿਸ ਨਾਲ ਚੌਕ ਵਿੱਚ ਦਿਸਦਾ । ਪੈਸੇ ਬੋਨਸ ਪਰਾਲੀ ਚੁਕਾਈ ਤੋਂ ਸਰਕਾਰ ਵੀ ਕੀੜੇ ਚੁੱਪੀ ਧਾਰਨ ਦੀ ਬੇਬਸੀ ਤੋਂ ਬਚੇਗੀ, ਏਨਾ ਸਾਰੇ ਮੁੱਦਿਆਂ ਦੇ ਹੱਲ ਹੋਣ ਨਾਲ ।

ਹੋਰ ਸਮਾਜਿਕ ਸੁਰੱਖਿਆ ਦੇ ਮੁੱਦੇ ਤੇ ਛੋਟੀ ਝਾਕ ਬਾਰੇ ਮੈਨੂੰ ਲੱਗਦਾ ਜਿੰਨਾ ਖੇਤ ਤੇ ਕਿਸਾਨ ਦੇ ਮੁੱਦੇ ਨੂੰ ਅਸੀਂ ਗੰਭੀਰਤਾ ਨਾਲ ਲੈਂਦੇ ਹਾਂ, ਜੇ ਕਿਤੇ ਏਨਾਂ ਸੀਰੀਅਸ ਕੇਵਲ ਇੱਕ ਦੋ ਮਹੀਨੇ ਸਾਲ ਵਿੱਚ ਜਿਵੇਂ ਅੱਗ ਵਿੱਚ ਡਿਊਟੀਆਂ ਲੱਗਦੀਆਂ । ਕਿਤੇ ਸੜਕਾਂ ਵਿੱਚ ਕਿੱਥੇ



**ਕਮਲਇੰਦਰਜੀਤ ਸਿੰਘ ਬਾਜਵਾ,**
ਸਬ ਇੰਸਪੈਕਟਰ, ਭੂਮੀ ਰੱਖਿਆ ਤੇ ਜਲ ਸੰਭਾਲ ਵਿਭਾਗ, ਤਲਵੰਡੀ ਭਾਈ, ਜ਼ਿਲ੍ਹਾ ਫਿਰੋਜ਼ਪੁਰ
(ਮੋ. 98150-82401)

ਟੋਏ, ਕਿੱਥੇ ਬਣੀਆਂ ਹੀ ਨਹੀਂ, ਕਿੱਥੇ ਜ਼ਿਆਦਾ ਹਾਦਸੇ ਮੌਤਾਂ ਤੋਂ ਹੁੰਦੇ, ਕਿੱਥੇ ਕੱਚੀਆਂ, ਕਿੱਥੇ ਜ਼ਿਆਦਾ ਝੁੱਕੇ ਹੋਏ ਸੜਕਾਂ ਤੇ ਰੁੱਖਾਂ ਦੀ ਕਟਾਈ ਕਰਨੀ, ਕਿੱਥੇ ਜ਼ਿਆਦਾ ਪਸ਼ੂ ਸੜਕ ਤੇ ਹਨ ? ਇਸ ਬਾਰੇ ਵੀ ਕਿਤੇ ਡਿਊਟੀ ਲਗਾਉਂਦੇ ਤਾਂ ਬਹੁਤ ਸਾਰੀਆਂ ਵਿਛੜ ਚੁੱਕੀਆਂ ਰੂਹਾਂ ਤੇ ਅਜੇ ਹੋਰ ਵਿਛੜਨ ਵਾਲੀਆਂ ਸਾਡੇ ਵਿੱਚ ਹੀ ਰਹਿੰਦੀਆਂ ਹਨ । ਵੱਡਾ ਪ੍ਰਸ਼ਾਸਨ ਜੋ ਅੱਜ ਪਿੰਡਾਂ ਵਿੱਚ ਦਿੱਸਦਾ ਉਹ ਸਾਰਾ ਸਾਲ ਫਿਰ ਇਨ੍ਹਾਂ ਪਿੰਡਾਂ ਵਿੱਚ ਨਹੀਂ ਦਿੱਸਦਾ । ਖ਼ੈਰ ਪਰਾਲੀ ਮਸਲੇ ਤੇ ਆਈਏ ਹਰੇਕ ਨੂੰ ਆਪੋ-ਆਪਣੀ ਜ਼ਿੰਮੇਵਾਰੀ ਸਮਝਣੀ ਪਵੇਗੀ, ਭਾਵੇਂ ਉਹ ਕਿਸਾਨ ਜਥੇਬੰਦੀਆਂ, ਮੁਲਾਜ਼ਮ ਜਥੇਬੰਦੀਆਂ, ਸਿਆਸੀ ਪਾਰਟੀਆਂ, ਧਾਰਮਿਕ ਕਮੇਟੀਆਂ, ਬਿਜਨੈਸਮੈਨ ਮਸ਼ੀਨਾਂ ਕੰਬਾਇਨਾਂ/ਬੇਲਰਾਂ ਵਾਲੇ ਭਾਈਚਾਰੇ ਜਾਂ ਪਰਾਲੀ ਖ਼ਰੀਦਣ ਵਾਲੀ ਫੈਕਟਰੀ ਹੋਣ । ਸਭ ਨੂੰ ਇੱਕ ਦੂਜੇ ਨੂੰ ਭੰਡਣਾ ਛੱਡ ਆਪ ਅੱਗੇ ਫ਼ਰਕ ਸਮਝ ਕੇ ਵੱਧਣਾ ਪਊ । ਹਾਲਾਂਕਿ ਗੱਠਾਂ ਬਣਾਉਣ ਵਾਲੇ ਵੀਰਾਂ ਦੀ ਦਿੱਕਤਾਂ ਦੇਖੀਏ ਤਾਂ ਪਰਾਲੀ ਸਟੋਰੇਜ ਲਈ ਜਗ੍ਹਾ ਨਹੀਂ, ਜਲਦੀ ਗੱਠਾਂ ਵਿਕਦੀਆਂ ਨਹੀਂ, ਸੜਕਾਂ ਕੰਢੇ ਡੰਪ ਤੇ ਸ਼ਰਾਰਤੀ ਅਨਸਰਾਂ ਵੱਲੋਂ ਅੱਗ ਲਗਾਉਣ ਦੀ ਘਟਨਾ, ਸਾਲ-ਸਾਲ ਚੁਕਾਈ ਨਹੀਂ ਬਾਰਿਸ਼ ਵਿੱਚ ਪਰਾਲੀ ਖ਼ਰਾਬ ਦੇ ਖ਼ਰਚ, ਰੋਡ ਤੇ ਚੌੜੀ ਟਰਾਲੀਆਂ ਦੇ ਚਲਾਨ ਆਦਿ ਬਹੁਤ ਸਾਰੇ ਪਹਿਲੂ ਹਨ ।

ਇਸ ਅੱਗ ਦੀ ਡਿਊਟੀ ਵਿੱਚ ਖੇਤ ਤੇ ਕਿਸਾਨ ਨਾਲ ਸੰਬੰਧਤ ਸਾਰੇ ਮਹਿਕਮਿਆਂ ਦੇ ਨਾਲ ਬਾਕੀ ਹੋਰ ਵੀ ਸਕੂਲ ਮਾਸਟਰ, ਪੰਚਾਇਤ, ਪਟਵਾਰੀ ਆਦਿ ਇੰਨਾਂ ਤੇ ਸਾਰਾ ਦਿਨ ਅੱਗ ਦੀਆਂ ਡਿਊਟੀਆਂ ਪਿੰਡ ਵਿੱਚ ਬੈਠ ਕੇ ਬਕਾਇਦਾ ਕਰਨੀਆਂ ਤੇ ਅਗੇਤੀ ਪਿੰਡ ਦੇ ਗੁਰੂ ਘਰਾਂ ਵਿੱਚ ਪ੍ਰਸ਼ਾਸਨ ਵੱਲੋਂ ਜਾਰੀ ਹਦਾਇਤਾਂ ਲੋਕਾਂ ਦੇ ਕੰਨਾਂ ਵਿੱਚ ਅਨਾਊਸਮੈਂਟਾਂ ਰਾਹੀਂ ਪਾਉਂਦੇ ਤੇ ਫੇਰ ਕਾਰਵਾਈ ਵੱਲ ਜਾਂਦੇ ਹਨ । ਕੀ ਇਹ ਅਨਾਊਸਮੈਂਟ ਪਿੰਡ ਵਿੱਚ ਬੈਠ ਕੇ ਹੋਰਨਾਂ ਵਿਕਾਸ ਕਾਰਜਾਂ ਦੇ ਨਾਲ ਸਾਰਾ ਸਾਲ ਪਿੰਡਾਂ ਵਿੱਚ ਮੁਲਾਜ਼ਮਾਂ ਦੀਆਂ ਬੈਠਕਾਂ ਚੱਲਦੀਆਂ ਰਹਿਣ ਤਾਂ ਲਾਗੇ ਬੈਠੇ ਪਿੰਡਾਂ ਵਿੱਚ ਮੁਲਾਜ਼ਮਾਂ ਨੂੰ ਲੋਕਾਂ ਵਿੱਚ ਜ਼ਿਆਦਾ ਵਿਚਰਦੇ ਦੇਖ ਕੇ ਤੇ ਹਰ ਪਹਿਰ ਕੁੱਝ ਡਰ ਨਾਲ, ਕੁੱਝ ਆਦਮੀ ਪਿਆਰ ਨਾਲ ਤੇ ਕੁੱਝ ਆਪਣੇ ਆਪ ਵਿੱਚ ਆਈ ਸਮਝ ਕੇ ਬਦਲਾਅ ਜਿਸਨੂੰ ਅਸੀਂ ਜਾਗਰੂਕਤਾ ਦਾ ਨਾਮ ਦਿੰਦੇ ਹਾਂ ਕੀ ਉਹ ਸੁਭਾਵਿਕ ਨਹੀਂ ਹਊ ? ਜਦੋਂ ਸਾਰਾ ਸਾਲ ਮੁਲਾਜ਼ਮ ਇਨ੍ਹਾਂ ਪਿੰਡਾਂ ਵਿੱਚ ਹੀ ਪੱਕੇ ਪੈਰੀਂ ਬਠਾਏ ਜਾਣ, ਨਾਲੇ ਆਪਣੇ ਕੰਮ ਕਰੀਂ ਜਾਣ, ਨਾਲੇ ਪਰਾਲੀ ਪ੍ਰਬੰਧਨ ਬਾਰੇ । ਜਿਸ ਨਾਲ ਵਿਵਸਥਾ ਢਾਂਚੇ ਨੂੰ ਮਜ਼ਬੂਤ ਕਰਨ ਲਈ ਕੇਵਲ ਮਹੀਨੇ ਲਈ ਨਹੀਂ, ਬਲਕਿ ਸਾਰਾ ਸਾਲ ਨਾਲੇ ਲੋਕਾਂ ਨੂੰ ਪਤਾ ਲੱਗੇ ਕਿ ਸਰਕਾਰੀ ਅਦਾਰਿਆਂ ਦਾ ਪਿੰਡ ਪੱਧਰੀ ਕੀ ਰੋਲ ਰਹਿ ਸਕਦਾ ਤੇ ਕਿਹੜੇ-ਕਿਹੜੇ ਅਦਾਰੇ ਇੰਨਾਂ ਪਿੰਡਾਂ ਨਾਲ ਜੁੜੇ ਹੁੰਦੇ ਹਨ ।

ਖੇਤੀ ਕਰਦੇ ਆਮ ਲੋਕਾਂ ਨੂੰ ਆਪਣੇ-ਆਪ ਵਿੱਚ ਬਦਲਾਅ ਲਿਆਉਣ ਦੀ ਲੋੜ ਹੈ ਕਿ ਜਿੱਥੇ ਉਹ ਹੋਰ ਪਾਸੇ ਵਧੇਰੇ ਸਮਾਜ ਦੇ ਭਲੇ ਲਈ ਪੁੰਨ ਦਾਨ ਆਪੋ ਆਪਣੇ ਇਸ਼ਟਾਂ ਨੂੰ ਪੂਜ ਕੇ ਜਾਂ ਮੰਨ ਕੇ ਖ਼ਰਚ ਆਦਿ ਕਰਦੇ ਹਨ । ਉੱਥੇ ਚੌਗਿਰਦੇ ਨੂੰ ਖੂਬਸੂਰਤ ਹਰਿਆ ਭਰਿਆ ਬਣਾਈ ਰੱਖਣ ਲਈ ਵੀ ਆਪ ਹੀ ਸਾਫ ਹਵਾ ਵਿੱਚ ਸਾਹ ਲੈਣ ਲਈ ਆਪੋ-ਆਪਣੇ ਯੋਗਦਾਨ ਆਪਣੇ ਘੱਟੋ-ਘੱਟ ਰਕਬੇ ਤੱਕ ਹੀ ਪਾਉਣ ਲਈ ਅੱਗੇ ਆ ਕੇ ਸੋਝੀ ਦਿਖਾ ਕੇ, ਇਸ ਪੁੰਨ ਨੂੰ ਮਨੁੱਖਤਾ ਦੇ ਭਲੇ ਲਈ ਵਾਤਾਵਰਣ ਸਾਫ਼ ਸੁਥਰਾ ਰੱਖਣ ਲਈ ਪਰਾਲੀ ਖੇਤ ਵਿੱਚ ਹੀ ਸੰਭਾਲ ਕੇ ਕਰੀਏ । ਇਹ ਵੀ ਸਮਝੀਏ ਕਿ ਜਿਹੜੀ ਧਰਤੀ ਦੀ ਫ਼ਸਲ ਵੇਚ ਕੇ ਸਾਡੇ ਪਰਿਵਾਰ ਖੁਸ਼ਹਾਲੀ ਵਿੱਚ ਚੱਲ ਰਹੇ ਹਨ, ਉਹਨਾਂ ਨੂੰ ਅੱਗ ਲਗਾ ਕੇ ਸਾੜ ਕੇ ਕਿਹੜੀ ਸੋਝੀ ਦਿਖਾ ਰਹੇ ਹਾਂ ? ਲੋਕਤੰਤਰ ਵਿੱਚ ਇੱਕ ਦੂਜੇ ਨੂੰ ਉਪਰੋਂ ਲੈ ਕੇ ਹੇਠਾਂ ਖੇਤ ਤੱਕ ਮਤਲਬ ਥੱਲੇ ਤੱਕ ਸਭ ਨੂੰ ਭੰਡਣ ਵੱਲ ਅਤੇ ਦੁਖਾਂਤ ਭੋਗਣ ਤੋਂ ਆਪ ਵੀ ਬਚੀਏ । ਕੁਝ ਸੁੰਡੀ ਜ਼ਿਆਦਾ ਪਰਾਲੀ ਦਾ ਕਾਰਨ ਕਹਿ ਕੇ ਪੱਲਾ ਝਾੜ ਲੈਂਦੇ ਹਨ । ਇੱਥੇ ਐਮ ਐਸ ਪਹਿਲਾ ਹੱਲ ਹੈ, ਦੂਜਾ ਸੁੰਡੀ ਬੇਟ ਵਿੱਚ ਪੈ ਵੀ ਜਾਵੇ ਸਪਰੇਅ ਬਹੁਤ ਹਨ ਬੱਸ ਅੜਨ ਲੜਨ ਦੀ ਭੂਮਿਕਾ ਤੋਂ ਬਚਿਆ ਜਾਵੇ । ਤਦ ਆਏ ਸੀਜ਼ਨ ਵਿੱਚ ਲਾਲਾਲਾ ਕਰਕੇ ਪਹਿਲਾਂ ਇੱਕ ਦੂਜੇ ਨੂੰ ਗਲਤ ਕਹਿਣ ਵਿੱਚ ਸਮਾਂ ਨਾ ਕੱਢੀਏ । ਮੁਲਾਜ਼ਮਾਂ ਦਾ ਇਨ੍ਹਾਂ ਪਿੰਡਾਂ ਵਿੱਚ ਬੈਠਣ ਨਾਲ ਸਾਲਾਂ ਤੋਂ ਸੁਣੀ ਜਾਂਦੀ ਲਾਹਨਤ ਦਫ਼ਤਰ ਦੇ ਚੱਕਰ ਮਾਰ ਕੇ ਥੱਕ ਗਏ, ਉਹ ਵੀ ਖ਼ਤਮ ਹੋਊ ਤੇ ਜਾਗਰੂਕਤਾ ਸਾਰਾ ਸਾਲ ਹਰ ਪਹਿਲੂਆਂ ਤੇ ਚੱਲਦੀ ਰਹੂ ਸਰਕਾਰ ਨੂੰ ਇੱਧਰ ਵਿਚਾਰ ਕਰਨ ਦੀ ਲੋੜ ਹੈ ।

ਮੈਨੂੰ ਲੱਗਦਾ ਕਿ ਕੁਦਰਤ ਦੇ ਸਭ ਬੰਦੇ, ਇਹ ਸੱਚਾਈ ਜ਼ਰੂਰ ਹੈ ਪਰ ਪਰ ਇੱਕ ਸੱਚਾਈ ਹੋਰ ਵੀ ਹੈ ਜਿਸ ਦਾ ਸਭ ਸੰਸਾਰੀ ਜਾਮਿਆਂ ਤੋਂ ਉੱਪਰ ਦਿਮਾਗ ਫੁੱਲ ਵਿਕਸਤ ਹੋ ਕੇ ਚੱਲ ਰਿਹਾ ਹੈ । ਜੇਕਰ ਉਸ ਨੂੰ ਵੀ ਸਮਝਾਉਣ ਲਈ ਸਖਤ ਹੋਣ ਤੋਂ ਬਾਅਦ ਵੀ ਸਮਝਾਉਣ ਦੀ ਲੋੜ ਹੋਵੇਗੀ ਤਾਂ ਬੇਹੱਦ ਦੁਖਦਾਈ ਹੋਵੇਗਾ । ਇਹ ਸਮਾਜਿਕ ਜਾਗਰੂਕਤਾ ਨੂੰ ਸੇਧ ਦੇਣ ਲਈ ਨਿੱਜੀ ਤੌਰ ਤੇ ਚੱਲ ਰਹੇ ਅਲੱਗ-ਅਲੱਗ ਪੱਖਾਂ ਤੋਂ ਸਰਕਾਰਾਂ, ਕੋਰਟਾਂ, ਮੁਲਾਜ਼ਮਾਂ, ਕਿਸਾਨਾਂ ਅਤੇ ਮਸ਼ੀਨਾਂ ਚਲਾਉਣ ਵਾਲੇ ਭਾਈਚਾਰੇ ਨੂੰ ਹਰ ਪਾਸੇ ਬਰਾਬਰ ਬੈਲੇਂਸ ਨਾ ਬਣਦੇ ਦੇਖ ਕੇ ਹਾਲਾਤਾਂ ਬਾਰੇ ਵਿਚਾਰਾਂ/ਸੋਚਾਂ ਦਾ ਪ੍ਰਗਟਾਵਾ ਤੁਹਾਡੇ ਨਾਲ ਸਾਂਝਾ ਕੀਤਾ ਹੈ । ਹਰੇਕ ਪੱਧਰ ਨੂੰ ਸਮਝਣ ਅਤੇ ਬਦਲਣ ਵਿੱਚ ਤੇ ਸਭਨਾਂ ਨੂੰ ਆਪਣੇ-ਆਪ ਵਿੱਚ ਵੀ ਜ਼ਿੰਮੇਵਾਰ ਬਣ ਕੇ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਅਤੇ ਦਿਖਾਉਂਦਿਆਂ ਬਦਲਾਅ ਲਿਆਉਣ ਦੀ ਲੋੜ ਹੈ । ਕੇਵਲ ਇੱਕ ਪਾਸਾ ਚਾਹੇ ਕੋਈ ਵੀ ਹੋਵੇ, ਚਾਹੇ ਕਿਸਾਨ, ਚਾਹੇ ਮਸ਼ੀਨ ਵਾਲੇ, ਚਾਹੇ ਮੁਲਾਜ਼ਮ, ਚਾਹੇ ਵੋਟ ਤੰਤਰ ਪਿੱਛੇ ਚਲਦੀਆਂ ਸਰਕਾਰਾਂ ਪਿਸਣ ਤੇ ਤਲਖ਼ ਜ਼ਿੰਦਗੀ ਵਿੱਚ ਆਪੋ-ਆਪਣੀ ਜ਼ਿੰਮੇਵਾਰੀ ਇੱਕ-ਦੂਜੇ ਤੇ ਸੁੱਟ ਕੇ ਨਿਬੇੜਾ ਨਾ ਕਰਨ । ਸੁਝਾਅ ਤੇ ਵਾਰਤਾਲਾਪ ਨਿੱਜੀ ਵਿਚਰਦਿਆਂ ਸਿਸਟਮ ਵਿੱਚ ਦੇਖਣ ਤੋਂ ਬਾਅਦ ਦਿੱਤੇ ਗਏ ਹਨ । ਫ਼ੀਲਡ ਵਿੱਚ ਵਿਚਰਦਿਆਂ ਮੈਂ ਅੱਜ ਦੇ ਤਜ਼ਰਬੇ ਤੇ ਪਹੁੰਚਿਆ ਕਿ ਵਧੇਰੀ ਉਮਰ ਦਾ ਬੰਦਾ, ਜ਼ਿਆਦਾ ਪੜ੍ਹਿਆ ਲਿਖਿਆ ਬੰਦਾ ਜਾਂ ਕੇਵਲ ਅਫ਼ਸਰ ਹੋਵੇ ਤੇ ਉਹ ਵੀ ਸਿਆਣਾ ਹੋਵੇ ਇਹ ਕੋਈ ਜ਼ਰੂਰੀ ਨਹੀਂ ਹੈ ।





**ਪੰਜਾਬ ਦਾ ਕਿਸਾਨ ਖੇਤਾਂ ਦੀ ਮਿੱਟੀ ਟੈਸਟ ਕਰਵਾਏ ਬਿਨਾਂ ਹੀ ਵਪਾਰੀ ਦੇ ਕਹਿਣ 'ਤੇ ਧੜਾ-ਧੜ ਖੇਤਾਂ ਵਿੱਚ ਰਸਾਇਣਕ ਖਾਦਾਂ ਤੇ ਫ਼ਸਲਾਂ 'ਤੇ ਕੀੜੇ ਮਾਰ ਦਵਾਈਆਂ ਦਾ ਛਿੜਕਾਅ ਕਰ ਰਿਹੈ...**

# ਕੀਟਨਾਸ਼ਕਾਂ ਦੀ ਖਰੀਦ ਵੇਲੇ ਗੁੰਮਰਾਹ ਹੁੰਦੇ ਕਿਸਾਨ

ਬ੍ਰਿਸ ਭਾਨ ਬੁਜਰਕ
ਮੋ. 98761-01698

ਹਰ ਸਾਲ ਕੀੜੇ ਮਾਰ ਦਵਾਈਆਂ ਦੀ ਵੱਧ ਰਹੀ ਮੰਗ ਤੇ ਘੱਟ ਰਹੀ ਖੇਤੀ ਪੈਦਾਵਾਰ ਦਾ ਕਿਸਾਨਾਂ 'ਤੇ ਸਿੱਧਾ ਅਸਰ ਪੈਣਾ ਸ਼ੁਰੂ ਹੋ ਗਿਆ ਹੈ। ਕਈ ਰਾਜਾਂ ਦੇ ਕਿਸਾਨ ਇਨ੍ਹਾਂ ਮਹਿੰਗੇ ਕੀਟ ਨਾਸ਼ਕਾਂ ਕਾਰਨ ਪਰੇਸ਼ਾਨ ਹਨ। ਹਰ ਸਾਲ ਕੀੜੇਮਾਰ ਦਵਾਈਆਂ ਦੀਆਂ ਕੀਮਤਾਂ ਵਿੱਚ ਰਿਕਾਰਡ ਤੋੜ ਵਾਧਾ ਹੋ ਰਿਹਾ ਹੈ। ਘੱਟ ਉਤਪਾਦਨ ਹੋਣ ਤੇ ਮੰਗ ਵਧਣ ਕਾਰਨ ਕੀਮਤਾਂ ਹਰ ਸਾਲ ਵਧ ਰਹੀਆਂ ਹਨ। ਕੱਚੇ ਤੇਲ ਦੀਆਂ ਕੀਮਤਾਂ ਜ਼ਿਆਦਾ ਵੱਧਣ ਨਾਲ ਕੀੜੇ ਮਾਰ ਦਵਾਈਆਂ ਵਿੱਚ ਇਸ ਦੀ ਵਰਤੋਂ ਹੋਣ ਕਰਕੇ ਕੀਟ ਨਾਸ਼ਕ ਮਹਿੰਗੇ ਹੋ ਗਏ ਹਨ ਪਰ ਕਿਸਾਨਾਂ ਕੋਲੋਂ ਜ਼ਮੀਨਾਂ ਅਤੇ ਫ਼ਸਲਾਂ ਵਿੱਚ ਬੇਲੋੜੀਆਂ ਕੀੜੇਮਾਰ ਦਵਾਈਆਂ ਤੇ ਖਾਦਾਂ ਪਵਾ ਕੇ ਜਿੱਥੇ ਵਪਾਰੀ ਵਰਗ ਵੱਲੋਂ ਆਪਣਾ ਧੰਦਾ ਤੋਰਿਆ ਜਾਂਦਾ ਹੈ, ਉੱਥੇ ਹੀ ਕਿਸਾਨਾਂ ਨੂੰ ਗੁੰਮਰਾਹ ਕਰਕੇ ਬੇਲੋੜੀਆਂ ਖਾਦਾਂ ਤੇ ਦਵਾਈਆਂ ਦੀ ਵਰਤੋਂ ਕਰਵਾਈ ਜਾਂਦੀ ਹੈ। ਪੰਜਾਬ ਦੇ ਬਹੁ ਗਿਣਤੀ ਕਿਸਾਨ ਖੇਤਾਂ ਦੀ ਮਿੱਟੀ ਟੈਸਟ ਕਰਵਾਏ ਬਿਨ੍ਹਾਂ ਹੀ ਵਪਾਰੀ ਦੇ ਕਹਿਣ 'ਤੇ ਧੜਾ-ਧੜ ਆਪਣੇ ਖੇਤਾਂ ਵਿੱਚ ਰਸਾਇਣਕ ਖਾਦਾਂ ਅਤੇ ਫ਼ਸਲਾਂ 'ਤੇ ਕੀੜੇ ਮਾਰ ਦਵਾਈਆਂ ਦਾ ਛਿੜਕਾਅ ਕਰ ਰਿਹਾ ਹੈ।

ਜੇਕਰ ਖਾਦਾਂ ਦੀ ਵਰਤੋਂ ਬਾਰੇ ਇੱਕ ਉਦਾਹਰਣ ਵੇਖੀ ਜਾਵੇ ਤਾਂ ਖੇਤੀ ਮਾਹਿਰਾਂ ਮੁਤਾਬਿਕ ਡੀਏਪੀ ਇੱਕ ਸਾਲ ਵਿੱਚ ਸਿਰਫ਼ ਹਾੜੀ ਦੀ ਫ਼ਸਲ ਵੇਲੇ ਕਣਕ ਨੂੰ ਹੀ ਪਾਈ ਜਾਂਦੀ ਹੈ ਅਤੇ ਇਹ ਖਾਦ ਜ਼ਮੀਨ ਵਿੱਚ ਰਹਿ ਕੇ ਹੀ ਫ਼ਸਲ 'ਤੇ ਆਪਣਾ ਪ੍ਰਭਾਵ ਛੱਡਦੀ ਹੈ ਪਰ ਕਿਸਾਨ ਅੱਪੇ ਧਾਪੀ ਕਰਕੇ ਇਸ ਖਾਦ ਨੂੰ ਝੋਨੇ ਦੀ ਫ਼ਸਲ ਵਿੱਚ ਵੀ ਵਰਤ ਰਹੇ ਹਨ। ਜਿਸ ਦਾ ਲਾਭ ਹੋਣ ਦੀ ਬਜਾਏ ਪੈਸੇ ਅਤੇ ਜ਼ਮੀਨ ਦੀ ਬਰਬਾਦੀ ਹੋ ਰਹੀ ਹੈ। ਇਸ ਤਰ੍ਹਾਂ ਦੀਆਂ ਹੋਰ ਵੀ ਕਈ ਰਸਾਇਣਕ ਖਾਦਾਂ ਦੁਕਾਨਾਂ 'ਤੇ ਵਿਕਦੀਆਂ ਹਨ। ਜਿਨ੍ਹਾਂ ਦੀ ਜ਼ਰੂਰਤ ਖੇਤ ਦੀ ਮਿੱਟੀ ਟੈਸਟ ਕਰਵਾਉਣ ਤੋਂ ਬਾਅਦ ਹੀ ਮੰਨੀ ਜਾ ਸਕਦੀ ਹੈ। ਪਰ ਕਿਸਾਨਾਂ ਵੱਲੋਂ ਬੇਲੋੜੀ ਵਰਤੋਂ ਕਰਕੇ ਜ਼ਮੀਨ ਕਦੀ ਸਿਹਤ ਖਰਾਬ ਕੀਤੀ ਜਾ ਰਹੀ ਹੈ। ਜੇਕਰ ਜ਼ਮੀਨ ਵਿੱਚ ਘਾਟ ਮਹਿਸੂਸ ਹੋਵੇ ਤਾਂ 15/20 ਕਿਲੋ ਪੋਟਾਸ਼ ਪ੍ਰਤੀ ਏਕੜ ਪਾਇਆ ਜਾਂਦਾ ਹੈ ਪਰ ਕਿਸਾਨ ਦੁਕਾਨਦਾਰ ਦੇ ਕਹਿਣ 'ਤੇ 25/30 ਕਿਲੋ ਪ੍ਰਤੀ ਏਕੜ ਪੋਟਾਸ਼ ਖੇਤ ਵਿੱਚ ਯੂਰੀਆ ਖਾਦ ਵਾਂਗ ਸੁੱਟ ਦਿੰਦੇ ਹਨ।

ਪੰਜਾਬ ਦੇ ਖੇਤਾਂ ਵਿੱਚ ਕਿਸੇ ਵੀ ਫ਼ਸਲ ਨੂੰ ਝੁਲਸ ਰੋਗ ਨਹੀਂ ਲੱਗਦਾ ਪੋਲੀਓ ਦੀ ਬੀਮਾਰੀ ਵਾਂਗ ਇਸ ਰੋਗ ਦਾ ਖਾਤਮਾ ਹੋ ਚੁੱਕਿਆ ਹੈ ਪਰ ਤੇਲੇ ਨਾਲ ਖੇਤਾਂ ਵਿੱਚ ਖ਼ਾਸ ਕਰਕੇ ਝੋਨੇ ਦੀ ਫ਼ਸਲ ਮੌਕੇ ਬਣੀਆਂ ਹੋਈਆਂ ਲਾਲ ਜਿਹੀਆਂ ਦੈੜੀਆਂ-ਧੋੜੀਆਂ / ਟਿੰਬੀਆਂ ਆਦਿ ਨੂੰ ਝੁਲਸ ਰੋਗ ਦੱਸ ਕੇ ਰਸਾਇਣਕ ਦਵਾਈਆਂ ਦੀ ਵਰਤੋਂ ਕਰਵਾ ਦਿੰਦੇ ਹਨ। ਕਲੋਰੋਪਾਈਰੀਫਾਸ 20/ਈਸੀ ਜਾਂ 50/ਈਸੀ ਅਜਿਹੀ ਦਵਾਈ ਹੈ। ਜਿਸ ਨੂੰ ਖੇਤੀ ਮਾਹਿਰ ਸਿਉਂਕ ਦੀ ਰੋਕਥਾਮ/ ਕੀੜੇ ਮਾਰਨ / ਰੇਤਲੀਆਂ ਜ਼ਮੀਨਾਂ ਵਿੱਚ ਛਿੱਟੇ ਰਾਹੀਂ ਸਿਉਂਕ ਮਾਰਨ ਵਾਸਤੇ ਘੱਟ ਮਾਤਰਾ ਵਿੱਚ ਵਰਤਣ ਲਈ ਸਿਫ਼ਾਰਿਸ਼ ਕਰਦੇ ਹਨ ਪਰ ਦੁਕਾਨਦਾਰ ਝੋਨੇ ਦੇ ਬੂਟੇ ਦਾ ਵਾਧਾ ਕਰਨ ਲਈ ਤਿੰਨ ਚਾਰ ਸਪਰੇਅ ਕਿਸਾਨ ਕੋਲੋਂ ਕਰਵਾ ਦਿੰਦੇ ਹਨ ਜਦਕਿ ਇਸ ਦਵਾਈ ਦਾ ਝੋਨੇ ਦੇ ਬੂਟੇ ਜਾਂ ਵਾਧੇ ਨਾਲ ਕੋਈ ਲੈਣਾ ਦੇਣਾ ਹੀ ਨਹੀਂ ਹੈ। ਵਪਾਰੀ ਕਿਸਾਨ ਨੂੰ ਗੁੰਮਰਾਹ ਕਰਕੇ ਆਪਣੇ ਗੱਲੇ ਵਿੱਚ ਪੈਸੇ ਪਾ ਰਿਹਾ ਹੈ। ਕਿਸਾਨ ਧੜਾ-ਧੜ ਬਿਨਾਂ ਸੋਚੇ-ਸਮਝੇ ਖੇਤਾਂ ਵਿੱਚ ਦਵਾਈਆਂ ਅਤੇ ਖਾਦਾਂ ਪਾ ਰਿਹਾ ਹੈ।

ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਮੁਤਾਬਿਕ ਸਲਫਰ ਤੱਤ ਜ਼ਮੀਨ ਅੰਦਰ ਘਾਟ ਮਹਿਸੂਸ ਹੋਣ 'ਤੇ ਹੀ ਵਰਤਿਆ ਜਾਣਾ ਚਾਹੀਦਾ ਹੈ। ਪਰ ਕਿਸਾਨ ਨੂੰ ਜ਼ਮੀਨ ਵਿੱਚ ਸਲਫਰ ਦੀ ਘਾਟ ਬਾਰੇ ਪਤਾ ਨਾ ਹੋਣ ਕਰਕੇ ਦੁਕਾਨਦਾਰ ਖਾਦ ਲੈਣ ਗਏ ਕਿਸਾਨ ਨੂੰ 5/7 ਕਿਲੋ ਸਲਫਰ ਵੀ ਉਸ ਦੇ ਸਿਰ 'ਤੇ ਇਹ ਕਹਿ ਕੇ ਚੁਕਾ ਦਿੰਦਾ ਹੈ ਕਿ ਹਰ ਸਾਲ ਜ਼ਮੀਨ ਵਿੱਚ ਸਲਫਰ ਦੀ ਘਾਟ ਆਉਂਦੀ ਹੈ। ਜਦੋਂ ਕਿ ਅਜਿਹਾ ਕੁਝ ਵੀ ਨਹੀਂ ਹੁੰਦਾ। ਹੁਣ ਸੂਖਮ ਤੱਤਾਂ ਕੀ ਗੱਲ ਕੀਤੀ ਜਾਵੇ। ਜ਼ਮੀਨ ਵਿੱਚ ਮੌਜੂਦ ਸੂਖਮ ਤੱਤਾਂ ਦੀ ਘਾਟ ਨੂੰ ਫ਼ਸਲ ਦੀਆਂ ਨਿਸ਼ਾਨੀਆਂ ਤੋਂ ਪਰਖਿਆ ਜਾ ਸਕਦਾ ਹੈ ਜਾਂ ਫਿਰ ਮਿੱਟੀ ਟੈਸਟ ਕਰਵਾ ਕੇ ਹੀ ਇਸ ਦਾ ਪਤਾ ਲਾਇਆ ਜਾ ਸਕਦਾ ਹੈ ਕਿ ਸੂਖਮ ਤੱਤਾਂ ਦੀ ਮਾਤਰਾ ਕਿੰਨੀ ਚਾਹੀਦੀ ਹੈ ਪਰ ਦੁਕਾਨਦਾਰ 5 ਤੋਂ 15 ਕਿਲੋ ਤੱਕ ਤਕਰੀਬਨ ਇੱਕ ਹਜ਼ਾਰ ਤੋਂ ਪੰਦਰਾਂ ਸੌ ਰੁਪਏ ਤੱਕ ਦੇ ਸੂਖਮ ਤੱਤ/ਜ਼ੈਮ ਕਿਸਾਨਾਂ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ ਜ਼ਮੀਨ ਵਿੱਚ ਪਵਾ ਹੀ ਦਿੰਦੇ ਹਨ। ਜੈਵਿਕ ਜੈਮਾਂ ਦੇ ਨਾਮ 'ਤੇ ਬਹੁਤ ਸਾਰੀਆਂ ਕੰਪਨੀਆਂ ਦੇ ਏਜੰਟ ਕਿਸਾਨਾਂ ਦੇ ਘਰਾਂ ਤੱਕ ਵੀ ਸੂਖਮ ਤੱਤਾਂ ਨਾਲ ਭਰੇ ਲਿਫਾਫੇ ਲੈ ਕੇ ਘੁੰਮ ਰਹੇ ਹਨ, ਜਿਸ ਦੀ ਗੁਣਵੱਤਾ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਕਿ ਇਹ ਸਿਰਫ਼ ਕਿਸਾਨਾਂ ਨੂੰ ਗੁੰਮਰਾਹ ਕਰਨ ਲਈ ਮੱਧ ਪ੍ਰਦੇਸ਼ ਦੀ ਮਿੱਟੀ ਵੇਚੀ ਜਾ ਰਹੀ ਹੈ ਜਾਂ ਇਨ੍ਹਾਂ ਵਿੱਚ ਕੋਈ ਤੱਤ ਵੀ ਮਿਲਿਆ ਹੋਇਆ ਹੈ। ਮਨੁੱਖੀ ਸਰੀਰ ਦੇ ਬੀਮਾਰ ਹੋਣ ਤੋਂ ਬਾਅਦ ਜਦੋਂ ਡਾਕਟਰ ਕੋਲ ਹਾਂ ਤਾਂ ਉਹ ਦੋ ਤਿੰਨ ਦਵਾਈਆਂ ਨਾਲ ਅਜਿਹੀਆਂ ਹੀ ਦਿੰਦਾ ਹੈ ਜਿਨ੍ਹਾਂ ਦੀ ਜ਼ਰੂਰਤ ਨਹੀਂ ਹੁੰਦੀ ਇਹ ਸਭ ਕੁੱਝ ਕੀੜੇ ਮਾਰ ਦਵਾਈਆਂ ਵੇਚਣ ਵਾਲੇ ਵੀ ਕਰਦੇ ਹਨ। ਫ਼ਸਲ ਨੂੰ ਛੋਟਾ ਮੋਟਾ ਰੋਗ ਲੱਗ ਜਾਣ 'ਤੇ ਕਿਸਾਨ ਨੂੰ ਦੁਕਾਨਦਾਰੀ ਕਈ ਤਰ੍ਹਾਂ ਦੇ ਸਪਰੇਅ ਕਰਨ ਲਈ ਦਵਾਈ ਦੇ ਦਿੰਦਾ ਹੈ ਨਾਲ ਹੀ ਇੱਕ ਮਹਿੰਗੇ ਭਾਅ ਦਾ ਐਂਟੀਬਾਈਟਿਕ ਵੀ ਫੜਾ ਦਿੰਦਾ ਹੈ। ਜਿਸ ਦੀ ਕੋਈ ਜ਼ਰੂਰਤ ਹੀ ਨਹੀਂ ਹੁੰਦੀ। ਇਸ ਤਰ੍ਹਾਂ ਖੇਤੀ ਮਾਹਿਰਾਂ ਦੀ ਰਾਏ ਤੋਂ ਬਿਨ੍ਹਾ ਜਾਂ ਆਪਣੇ ਆਪ ਕਿਸਾਨਾਂ ਨੂੰ ਜਾਣਕਾਰੀ ਨਾ ਹੋਣ ਕਰਕੇ ਇਸ ਤਰ੍ਹਾਂ ਦਵਾਈਆਂ ਤੇ ਖਾਦਾਂ ਦੀ ਵਰਤੋਂ ਕਰਕੇ ਕਿਸਾਨਾਂ ਦਾ ਵਾਧੂ ਪੈਸਾ ਵਪਾਰੀ ਕੋਲ ਅਤੇ ਵਪਾਰੀ ਦੀ ਵਾਧੂ ਕੀੜੇ ਦਵਾਈ ਅਤੇ ਖਾਦ ਕਿਸਾਨ ਦੇ ਖੇਤਾਂ ਤੇ ਫ਼ਸਲਾਂ ਵਿੱਚ, ਫਾਸਲਾ ਤੇ ਖੇਤਾਂ ਵਿਚਲਾ ਵਾਧੂ ਜ਼ਹਿਰ ਅਤੇ ਖਾਦ ਇਨਸਾਨ ਦੇ ਸੰਬੰਧ ਵਿੱਚ ਜਾ ਕੇ ਬੀਮਾਰੀਆਂ ਪੈਦਾ ਕਰ ਰਿਹਾ ਹੈ। ਬਜਾਰੂ ਸੋਚ ਲੈ ਕੇ ਬੈਠਾ ਇੱਕ ਵਪਾਰੀ ਹੀ ਕਿਸਾਨ ਨੂੰ ਗੁੰਮਰਾਹ ਕਰਕੇ ਕਿੰਨ੍ਹਾਂ ਵੱਡਾ ਨੁਕਸਾਨ ਕਰ ਰਿਹਾ ਹੈ।

## ਨੁਕਸਾਨ ਕਿਵੇਂ ਹੋ ਰਿਹੈ

ਖਾਦਾਂ ਤੇ ਰਸਾਇਣਿਕ ਦਵਾਈਆਂ ਦੀ ਅੰਨ੍ਹੇਵਾਹ ਹੋ ਰਹੀ ਵਰਤੋਂ ਦਾ ਪ੍ਰਭਾਵ ਕਿਸਾਨ 'ਤੇ ਨਹੀਂ ਪੈ ਰਿਹਾ ਸਗੋਂ ਬਾਜ਼ਾਰੂ ਸੋਚ ਲੈ ਕੇ ਬੈਠੇ ਵਪਾਰੀ ਦੇ ਪਰਿਵਾਰ 'ਤੇ ਵੀ ਪੈ ਰਿਹਾ ਹੈ। ਜਿਹੜਾ ਬਜ਼ਾਰ ਵਿੱਚ ਉਹ ਹੀ ਖਾਦ ਪਦਾਰਥ ਖਾ ਰਿਹਾ ਹੈ। ਜਿਹੜੇ ਉਸ ਵੱਲੋਂ ਵੇਚੀ ਗਈ ਰਸਾਇਣਕ ਦਵਾਈ ਅਤੇ ਖਾਦ ਨਾਲ ਤਿਆਰ ਹੋ ਕੇ ਆ ਰਹੇ ਹਨ। ਜ਼ਿਲ੍ਹੇ ਪਟਿਆਲੇ ਦੀ ਤਹਿਸੀਲ ਸਮਾਣਾ ਦਾ ਪਿੰਡ ਦੇਧਨਾ ਪਾਤੜਾਂ-ਪਟਿਆਲਾ ਮੁੱਖ ਸੜਕ 'ਤੇ ਵਸਿਆ ਹੋਇਆ ਹੈ। ਇਸ ਪਿੰਡ ਦੇ ਇੱਕ ਬਜ਼ੁਰਗ ਦੀ ਅਚਾਨਕ ਹੋਈ ਮੌਤ ਨੂੰ ਡਾਕਟਰਾਂ ਨੇ ਕੈਂਸਰ ਦਾ ਨਾਮ ਦਿੱਤਾ ਸੀ। ਉਨ੍ਹਾਂ ਭਲਿਆਂ ਸਮਿਆਂ ਵਿੱਚ ਪਿੰਡਾਂ ਦੇ ਭੋਲੇ-ਭਾਲੇ ਲੋਕਾਂ ਨੂੰ ਅਜਿਹੀਆਂ ਬੀਮਾਰੀਆਂ ਬਾਰੇ ਪਤਾ ਹੀ ਨਹੀਂ ਸੀ। ਜੇਕਰ ਹੁਣ ਪਤਾ ਲੱਗ ਗਿਆ ਹੈ ਤਾਂ ਇਲਾਜ ਮਹਿੰਗਾ ਹੋਣ ਕਰਕੇ ਕਰਵਾ ਨਹੀਂ ਸਕਦੇ। ਪਿੰਡ ਦੇ ਲੋਕਾਂ ਦਾ ਕਹਿਣਾ ਹੈ ਕਿ ਹੁਣ ਤੱਕ ਦਰਜਨਾਂ ਮਰੀਜ਼ਾਂ ਦੀ ਪਹਿਚਾਣ ਹੋ ਚੁੱਕੀ ਹੈ। ਜਿਨ੍ਹਾਂ ਵਿੱਚੋਂ ਚਾਰ ਵਿਅਕਤੀ ਇਸ ਬੀਮਾਰੀ ਨਾਲ ਜੂਝ ਰਹੇ ਹਨ। ਕਈ ਹੋਰ ਵੀ ਵਿਅਕਤੀ ਕੈਂਸਰ ਨਾਲ ਪੀੜ੍ਹਤ ਹੋ ਸਕਦੇ ਹਨ। ਇਹ ਗਿਣਤੀ ਗਰੀਬ ਪਰਿਵਾਰਾਂ ਵਿੱਚ ਜ਼ਿਆਦਾ ਦੇਖੀ ਜਾ ਸਕਦੀ ਹੈ। ਇਸ ਨਾ ਮੁਰਾਦ ਬੀਮਾਰੀ ਦਾ ਇਲਾਜ ਕਰਵਾਉਣ ਦੇ ਚੱਕਰ ਵਿੱਚ ਹੀ ਕਈ ਪਰਿਵਾਰ ਤਾਂ ਕੰਗਾਲ ਹੀ ਹੋ ਚੁੱਕੇ ਹਨ। ਇੱਕ ਵਾਰ ਪਾਣੀ ਦੇ ਸੈਂਪਲ ਜ਼ਰੂਰ ਲਏ ਗਏ ਸਨ। ਸੰਗਰੂਰ ਦੀ ਸਬ ਤਹਿਸੀਲ ਲਹਿਰਾਗਾਗਾ ਨੇੜੇ ਪੈਂਦੇ ਦੋ ਪਿੰਡ ਰਾਏਧਰਾਣਾ ਅਤੇ ਸਾਦੀਹਰੀ ਵਿੱਚ ਵੀ ਹਰ ਸਾਲ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਪਿੰਡ ਰਾਏਧਰਾਣਾ ਵਿਖੇ ਪਿਛਲੇ ਪੰਜ ਕੁ ਸਾਲਾਂ ਵਿੱਚ ਹੀ ਪੰਜ ਵਿਅਕਤੀਆਂ ਦੀ ਮੌਤ ਹੋਣ ਤੋਂ ਇਲਾਵਾ ਚਾਰ ਹੋਰ ਨਵੇਂ ਮਰੀਜ਼ ਸਾਹਮਣੇ ਆ ਚੁੱਕੇ ਹਨ। ਇੱਕ ਹੀ ਪਰਿਵਾਰ ਦੇ ਦੋ ਅਤੇ ਇੱਕ ਪਰਿਵਾਰ ਦੇ ਤਿੰਨ ਵਿਅਕਤੀ ਕੈਂਸਰ ਨਾਲ ਮਰ ਚੁੱਕੇ ਹਨ।



## ਜ਼ਮੀਨ ਬੰਜਰ ਹੋਣ ਦਾ ਖ਼ਤਰਾ

ਦੇਸ਼ ਦੀਆਂ ਵੱਖ-ਵੱਖ ਪ੍ਰਯੋਗਸ਼ਾਲਾਵਾਂ ਦੇ ਅੰਕੜਿਆਂ ਮੁਤਾਬਿਕ ਕਿਸਾਨਾਂ ਵੱਲੋਂ ਵੱਧ ਝਾੜ ਲੈਣ ਲਈ ਰਸਾਇਣਕ ਖਾਦਾਂ ਦੀ ਜ਼ਿਆਦਾ ਵਰਤੋਂ ਕਰਨ ਕਰਕੇ ਜ਼ਮੀਨ ਬੰਜਰ ਹੋਣ ਦਾ ਖ਼ਤਰਾ ਖੜ੍ਹਾ ਹੋ ਗਿਆ ਹੈ। ਦੱਸਿਆ ਜਾਂਦਾ ਹੈ ਕਿ ਐਨਪੀਕੇ ਦੇ ਤੱਤਾਂ 9 ਤੋਂ ਲੈ ਕੇ 57 ਫ਼ੀਸਦੀ ਤੱਕ ਘਾਟ ਸਾਹਮਣੇ ਆਈ ਹੈ। ਇਸ ਤੋਂ ਇਲਾਵਾ ਜ਼ਿੰਕ ਦੀ 49 ਫ਼ੀਸਦੀ, ਸਲਫਰ ਦੀ 41 ਫ਼ੀਸਦੀ, ਬੋਰੋਨ ਦੀ 33 ਫ਼ੀਸਦੀ ਅਤੇ ਲੋਹੇ ਦੇ ਤੱਤਾਂ ਦੀ 12 ਫ਼ੀਸਦੀ ਘਾਟ ਦਾ ਪਤਾ ਲੱਗਿਆ ਹੈ।

## ਖੇਤੀ ਮਾਹਿਰਾਂ ਦਾ ਉਪਰਾਲਾ

ਖੇਤੀਯੋਗ ਜ਼ਮੀਨ ਵਿੱਚ ਖਾਦਾਂ ਦੀ ਧੜਾ ਧੜ ਵਰਤੋਂ ਹੋਣ ਕਾਰਨ ਜ਼ਮੀਨ ਦੀ ਸਿਹਤ ਖ਼ਰਾਬ ਹੋ ਰਹੀ ਹੈ ਤੇ ਕਈ ਸੂਬਿਆਂ ਵਿੱਚ 9 ਤੋਂ ਲੈ ਕੇ 57 ਫ਼ੀਸਦੀ ਤੱਕ ਐਨਪੀਕੇ ਜ਼ਿੰਕ, ਸਲਫਰ ਅਤੇ ਲੋਹੇ ਆਦਿ ਵਰਗੇ ਤੱਤਾਂ ਦੀ ਘਾਟ ਦਾ ਪਤਾ ਲੱਗਿਆ ਹੈ। ਪੰਜਾਬ ਤੇ ਹੋਰ ਸੂਬਿਆਂ ਨੂੰ ਰਾਹਤ ਦੇਣ ਲਈ ਕੇਂਦਰ ਸਰਕਾਰ ਨੇ ਸੱਤ ਹੋਰ ਸੂਬਿਆਂ ਵਿੱਚ ਖੇਤੀ ਹੇਠ ਰਕਬਾ ਵਧਾਉਣ ਦੀਆਂ ਯੋਜਨਾਵਾਂ ਸ਼ੁਰੂ ਕੀਤੀਆਂ ਹਨ। ਇਸ ਘਾਟ ਨੂੰ ਪੂਰਾ ਕਰਨ ਲਈ ਖੇਤੀ ਮਾਹਿਰਾਂ ਨੇ ਸੂਬਾ ਸਰਕਾਰਾਂ 'ਤੇ ਕਿਸਾਨਾਂ ਨੂੰ ਸੁਝਾਅ ਦਿੱਤਾ ਹੈ ਕਿ ਰਸਾਇਣਿਕ ਖਾਦਾਂ ਦੀ ਵਰਤੋਂ ਘਟਾ ਕੇ ਹਰੀਆਂ ਖਾਦਾਂ, ਰੂੜੀ ਅਤੇ ਜੈਵਿਕ ਖਾਦਾਂ ਦੀ ਵਰਤੋਂ ਕਰਨ, ਕੇਂਦਰ ਸਰਕਾਰ ਨੇ ਜ਼ਮੀਨ ਦੀ ਸਿਹਤ ਬਣਾਈ ਰੱਖਣ ਲਈ ਜੈਵਿਕ ਖਾਦਾਂ ਉਤਪਾਦਨ ਲਈ ਸਬਸਿਡੀ ਦੇ ਅਧਾਰ 'ਤੇ ਸਹਾਇਤਾ ਦੇਣ ਲਈ ਸਕੀਮਾਂ ਸ਼ੁਰੂ ਕੀਤੀਆਂ ਹਨ। ਕੇਂਦਰ ਸਰਕਾਰ ਵੱਲੋਂ ਵਾਹੀਯੋਗ ਜ਼ਮੀਨ ਦੀ ਹਾਲਤ ਨੂੰ ਹੋਰ ਵਿਗਾੜਨ ਤੋਂ ਬਚਾਉਣ ਲਈ ਮਿੱਟੀ ਪਰਖ ਦੀਆਂ ਪ੍ਰਯੋਗਸ਼ਾਲਾਵਾਂ ਖੋਲ੍ਹੀਆਂ ਜਾ ਰਹੀਆਂ ਹਨ ਅਤੇ ਕਿਸਾਨਾਂ ਨੂੰ ਜ਼ਮੀਨ ਵਿੱਚ ਰਸਾਇਣਕ ਖਾਦ ਪਾਉਣ ਤੋਂ ਪਹਿਲਾਂ ਮਿੱਟੀ ਦੀ ਜਾਂਚ ਕਰਵਾਉਣ, ਫ਼ਸਲ 'ਤੇ ਕੀੜੇ ਮਾਰ ਜ਼ਹਿਰਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਉਸ ਦੀ ਜ਼ਰੂਰਤ ਅਤੇ ਮਾਤਰਾ ਬਾਰੇ ਖੇਤੀ ਮਾਹਿਰਾਂ ਦੀ ਸਲਾਹ ਲੈਣਾ ਆਦਿ ਸ਼ਾਮਲ ਹੈ।

## ਕੇ.ਐਸ. ਗਰੁੱਪ ਵੱਲੋਂ ਦੀਵਾਲੀ ਦੀਆਂ ਲੱਖ-ਲੱਖ ਵਧਾਈਆਂ

Greengold

KISAN KHUSHAL TOH DESH KHUSHAL

FARMGAIN



BEW SUPER SEEDER



KSA 756 XH STRAW REAPER



BEW ROTAVATOR



KSP LASER LAND LEVELLER



KSA 9355
SELF COMBINE HARVESTER



GREENGOLD 220T
TRACK COMBINE HARVESTER



GREENGOLD
TRACTOR POWERED COMBINE HARVESTER

KS AGROTECH PVT. LTD.
KS FARM CORPORATION PVT. LTD.
KS POWERTECH PVT. LTD.
BHAGWAN ENGG. WORKS
92170 70755
92170 71655



ਕਿਸਾਨ ਵੀਰੋ!

# ਪਰਾਲੀ ਨਾ ਸਾੜੋ

- ★ ਪਰਾਲੀ ਸਾੜਨ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਬਹੁਤ ਸਾਰੇ ਜੀਵ ਖਤਮ ਹੋ ਜਾਂਦੇ ਹਨ, ਮਿੱਟੀ ਲਈ ਜ਼ਰੂਰੀ ਜੈਵਿਕ ਤੱਤ ਨਸ਼ਟ ਹੋ ਜਾਂਦੇ ਹਨ।
- ★ ਪਰਾਲੀ ਨੂੰ ਖੇਤ ਵਿੱਚ ਵਾਹ ਕੇ ਕਈ ਰਸਾਇਣਕ ਤੱਤਾਂ ਦੀ ਬੱਚਤ ਹੁੰਦੀ ਹੈ।
- ★ ਖੇਤ ਵਿੱਚ ਪਰਾਲੀ ਸੰਭਾਲਣ ਲਈ ਬਹੁਤ ਸਾਰੀ ਕਾਰਗਰ ਮਸ਼ੀਨਰੀ ਮੌਜੂਦ ਹੈ।
- ★ ਖੇਤ ਤੋਂ ਬਾਹਰ ਪਰਾਲੀ ਸੰਭਾਲ ਕੇ ਮੁਨਾਫੇ ਦੇ ਕਈ ਰਾਹ ਹਨ।
- ★ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਣ ਦਿਓ।
- ★ ਖੇਤ ਵਿੱਚ ਹੀ ਪਰਾਲੀ ਨੂੰ ਸੰਭਾਲਣ ਲਈ ਪੀ ਏ ਯੂ ਦੀ ਸੁਪਰ ਐੱਸ. ਐੱਮ. ਐੱਸ, ਉਲਟਾਵੇਂ ਹੱਲ ਅਤੇ ਰੋਟਾਵੇਟਰ ਤਕਨੀਕਾਂ ਨੂੰ ਅਪਣਾਓ।
- ★ ਖੜ੍ਹੀ ਪਰਾਲੀ ਵਿੱਚ ਹੀ ਹੈਪੀ ਸੀਡਰ ਮਸ਼ੀਨ ਨਾਲ ਕਣਕ ਦੀ ਸਿੱਧੀ ਬਿਜਾਈ ਨੂੰ ਹੀ ਤਰਜੀਹ ਦਿਉ।
- ★ ਇਨ੍ਹਾਂ ਢੰਗਾਂ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਧਦੀ ਹੈ, ਝਾੜ ਬਿਹਤਰ ਹੁੰਦਾ ਹੈ ਅਤੇ ਨਦੀਨ ਘੱਟ ਉੱਗਦੇ ਹਨ।
- ★ ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ।

**ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ!**
**ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦੇਈਏ!!**